
ਅਸੀਂ ਨਾਨਕ ਦੇ ਕੀ ਲਗਦੇ ਹਾਂ

ਜਸਵੰਤ ਜ਼ਫ਼ਰ



ਅਸੀਂ ਨਾਨਕ ਦੇ ਕੀ ਲਗਦੇ ਹਾਂ

ਜਸਵੰਤ ਜ਼ਫ਼ਰ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

ਮਹਾਨ ਵਿਗਿਆਨੀ ਸਟੀਫ਼ਨ ਹਾਕਿੰਗ

ਸਰੀਰਕ ਤੌਰ 'ਤੇ ਅਪਾਹਿਜ ਹੈ; ਚੱਲ ਫਿਰ ਨਹੀਂ ਸਕਦਾ,

ਨਾ ਠੀਕ ਤਰ੍ਹਾਂ ਬੈਠ ਸਕਦਾ, ਨਾ ਬੋਲ ਸਕਦਾ

ਫਿਰ ਵੀ ਅੱਠਾਂ ਵਰ੍ਹਿਆਂ ਦਾ ਵਿਵੇਕ ਸਿੰਘ

ਉਸ ਨੂੰ ਦੁਨੀਆਂ ਦਾ ਸਭ ਤੋਂ ਸੋਹਣਾ ਆਦਮੀ ਅਤੇ

ਉਸਦੀ ਪਤਨੀ ਨੂੰ ਦੁਨੀਆਂ ਦੀ ਸਭ ਤੋਂ ਖ਼ੁਸ਼ਕਿਸਮਤ ਔਰਤ ਮੰਨਦਾ ਹੈ

ਵਿਵੇਕ ਦੀ ਅਜਿਹੀ ਭਾਵਨਾ ਨੂੰ ਅਤੇ

ਸਟੀਫ਼ਨ ਹਾਕਿੰਗ ਦੀ ਪਤਨੀ ਨੂੰ

ਸਮਰਪਤ ਹੈ

ਇਹ ਕਾਵਿ ਕਿਤਾਬ

ਤਤਕਰਾ

Asin Nanak De Ki Lagde Haan

Poems by:
Jaswant Zafar ©
28/Basant Vihar Jawadi
Adj. Urban Estate- 1 Dugri
Ludhiana-141002 (PB)
Ph. 0161-4623977, 099888-03277
E-mail: jaszafar@yahoo.com
www.jaswantzafar.blogspot.com

ISBN : 978-81-7883-005-1

Rs. 100/-

First Edition 2001 Second Edition 2002
Third Edition 2007 Forth Edition 2011

Printing and Bound In India

Published by:
Chetna Parkashan
PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
Sub Off.: Qila Road, Opp. Bus Stand, **KOTKAPURA** (Pb.) INDIA
Ph.: 01635-222651

Printer : R.K. Offset, Delhi

ਇਸੇ ਕਲਮ ਤੋਂ:-

ਦੋ ਸਾਹਾਂ ਵਿਚਕਾਰ	(ਕਾਵਿ-ਸੰਗ੍ਰਹਿ) 1993
ਅਸੀਂ ਨਾਨਕ ਦੇ ਕੀ ਲਗਦੇ ਹਾਂ	(ਕਾਵਿ-ਸੰਗ੍ਰਹਿ) 2001
ਸਿਖੁ ਸੁ ਖੋਜਿ ਲਹੈ	(ਵਾਰਤਕ) 2007
ਇਹ ਬੰਦਾ ਕੀ ਹੁੰਦਾ	(ਕਾਵਿ-ਸੰਗ੍ਰਹਿ) 2010

ਖੁੱਲ੍ਹੇ ਅਸਮਾਨਾਂ ਵੱਲ

ਜਸਵੰਤ ਜ਼ਫ਼ਰ ਦੀ ਪੁਸਤਕ **'ਅਸੀਂ ਨਾਨਕ ਦੇ ਕੀ ਲਗਦੇ ਹਾਂ'** ਵੱਖ ਵੱਖ ਸਮੇਂ ਤੇ ਵੱਖ ਵੱਖ ਵਿਸ਼ਿਆਂ ਬਾਰੇ ਲਿਖੀਆਂ ਵਿਭਿੰਨ ਕਵਿਤਾਵਾਂ ਦਾ ਸੰਗ੍ਰਹਿ ਹੀ ਨਹੀਂ, ਮਨੁੱਖੀ ਮਨ ਦੀ ਯਾਤਰਾ ਵੀ ਹੈ। ਇਕ ਅਜੇਹੀ ਯਾਤਰਾ ਜੋ ਪੂਰਬ ਨੂੰ ਤਿਆਗ ਤੋਂ ਪੂਰਤੀ ਵੱਲ ਅਤੇ ਪੱਛਮ ਨੂੰ ਪੂਰਤੀ ਤੋਂ ਤਿਆਗ ਵੱਲ ਲਿਜਾਂਦੀ ਹੈ। ਇਤਿਹਾਸ ਵਿਚ ਇਸ ਯਾਤਰਾ ਨੂੰ ਭਾਵੇਂ ਕਈ ਯੁੱਗ ਲੱਗੇ ਹੋਣ ਪਰ ਜਸਵੰਤ ਜ਼ਫ਼ਰ ਤੁਹਾਨੂੰ ਯੁਗਾਂ ਯੁਗਾਂਤਰਾਂ ਦੇ ਇਤਿਹਾਸ ਦੁਆਰਾ ਸਿਰਜਿਤ ਮਨੁੱਖੀ ਮਨ ਦੀਆਂ ਵਿਭਿੰਨ ਤਹਿਆਂ ਵਿਚ ਸਮੇਂ ਦੇ ਇਕੋ ਬਿੰਦੂ ਉਪਰ ਉਤਾਰ ਦਿੰਦਾ ਹੈ। ਇਸ ਤਰ੍ਹਾਂ ਉਹ ਮਨੁੱਖੀ ਮਨ ਦੇ ਇਤਿਹਾਸਕਾਰ ਤੋਂ ਵੱਧ ਮਨੁੱਖੀ ਮਨ ਦੇ ਵਰਤਮਾਨ ਦਾ ਆਰਕੀਆਲੋਜਿਸਟ ਹੋ ਜਾਂਦਾ ਹੈ।

ਸ਼ਾਇਦ ਉਹ ਇਹਨਾਂ ਦੋਨਾਂ ਵਿਚੋਂ ਕੁਝ ਵੀ ਨਹੀਂ, ਨਾ ਇਤਿਹਾਸਕਾਰ ਨਾ ਆਰਕੀਆਲੋਜਿਸਟ, ਮਨੁੱਖੀ ਮਨ ਦੇ ਭਵਿੱਖ ਦਾ ਅਧਿਐਨ ਕਰਨ ਵਾਲਾ ਇਕ ਵਿਦਿਆਰਥੀ ਹੈ। ਇੱਕੀਵੀਂ ਸਦੀ/ਤੀਸਰੇ ਯੁਗ ਦੀ ਦਹਿਲੀਜ਼ ਤੇ ਖੜ੍ਹ ਕੇ ਉਹ ਮਾਨਵ ਮਨ ਦੇ ਭਵਿੱਖ ਦੀ ਦਿਸ਼ਾ ਵਾਚਦਾ ਦਿਖਾਈ ਦਿੰਦਾ ਹੈ। ਭਵਿੱਖ ਤਾਂ ਕਿਸੇ ਵੀ ਦਿਸ਼ਾ ਵਿਚ ਜਾ ਸਕਦਾ ਹੈ। ਹਰ ਕੋਈ ਇਸ ਭਵਿੱਖ ਨੂੰ ਆਪੋ ਆਪਣੇ ਢੰਗ ਨਾਲ ਕਲਪਿਤ ਕਰ ਰਿਹਾ ਹੈ। ਦਰਅਸਲ ਭਵਿੱਖ ਇਕ ਅਜੇਹਾ ਖੇਤਰ ਹੈ ਜਿਥੇ ਵੱਖ ਵੱਖ ਵਿਚਾਰਧਾਰਾਵਾਂ ਇਸ ਉਪਰ ਆਪਣੀ ਚੌਧਰ ਸਥਾਪਤ ਕਰਨ ਲਈ ਸੰਘਰਸ਼ ਕਰ ਰਹੀਆਂ ਹਨ। ਇਹ ਵਿਚਾਰਧਾਰਕ ਚੌਧਰ ਦਾ ਹੀ ਕ੍ਰਿਸ਼ਮਾ ਹੈ ਕਿ ਅੱਜ ਅਸੀਂ ਆਪਣੇ ਭਵਿੱਖ ਨੂੰ ਪੱਛਮੀ ਮੁਲਕਾਂ ਦੇ ਵਰਤਮਾਨ ਵਰਗਾ ਬਨਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਾਂ। ਸਾਡਾ ਭਵਿੱਖ ਪੱਛਮ ਦੁਆਰਾ ਜਿੱਤੀ ਹੋਈ ਧਰਤ ਹੈ। ਜੇਕਰ ਅਸੀਂ ਆਪਣੀ ਇਸ ਧਰਤ ਨੂੰ ਆਜ਼ਾਦ ਕਰਵਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣਾ ਭਵਿੱਖ ਆਪ ਕਲਪਿਤ ਕਰਨਾ ਹੋਵੇਗਾ। ਹੋਰਾਂ ਦੁਆਰਾ ਦਰਸਾਏ ਹੋਏ ਮਾਰਗਾਂ ਉਪਰ ਚੱਲਣ ਦੀ ਥਾਂ ਆਪਣੇ ਮਾਰਗ ਖ਼ੁਦ ਨਿਰਧਾਰਿਤ ਕਰਨੇ ਹੋਣਗੇ।

ਇਹ ਕੋਈ ਚੋਣ ਦਾ ਸੁਆਲ ਹੀ ਨਹੀਂ ਹੈ ਕਿ ਅਸੀਂ ਪੂਰਵ-ਨਿਰਧਾਰਿਤ ਮਾਰਗਾਂ ਵਿਚੋਂ ਕਿਸੇ ਇਕ ਵਿਸ਼ੇਸ਼ ਮਾਰਗ ਦੀ ਚੋਣ ਕਰਨੀ ਹੈ। ਇਹ ਮਾਰਗ ਤਾਂ ਨਵੀਆਂ ਪ੍ਰਸਥਿਤੀਆਂ ਅਤੇ ਲੋੜਾਂ ਮੁਤਾਬਕ ਕਿਸੇ ਨਵੇਂ ਢੰਗ ਨਾਲ ਹੀ ਨਿਰਮਿਤ ਕਰਨੇ ਹੋਣਗੇ। ਇਸ ਦ੍ਰਿਸ਼ਟੀਕੋਣ ਤੋਂ ਦੇਖਿਆਂ ਇੰਝ ਪ੍ਰਤੀਤ ਹੁੰਦਾ ਹੈ ਕਿ ਜਸਵੰਤ ਜ਼ਫ਼ਰ ਮਨੁੱਖੀ ਮਨ ਦੇ ਭਵਿੱਖ ਦਾ ਅਧਿਐਨ ਕਰਨ ਵਾਲਾ ਕੇਵਲ ਇਕ ਖੋਜੀ ਹੀ ਨਹੀਂ, ਆਰਕੀਟੈਕਟ ਹੈ, ਸਿਰਜਕ ਹੈ। ਇਸੇ ਲਈ ਉਹ ਕਿਸੇ ਪੂਰਵ-ਨਿਰਧਾਰਿਤ ਮਾਰਗ ਦੀ ਚੋਣ ਨਹੀਂ ਕਰਦਾ। ਨਾ ਪੂਰਬੀ ਪਰੰਪਰਾਵਾਂ ਦਾ ਪਿਛਲੱਗ ਬਣਦਾ ਹੈ ਅਤੇ ਨਾ ਹੀ ਪੱਛਮੀ ਪਰੰਪਰਾਵਾਂ ਦਾ।

'ਪਿਰਾਮਿਡ' ਕਵਿਤਾ ਵਿਚ ਉਹ ਆਪਣਾ ਪੂਰਾ ਥੀਸਿਸ ਪੇਸ਼ ਕਰਦਾ ਹੈ। ਸਭ ਤੋਂ ਪਹਿਲਾਂ ਪੂਰਬੀ ਪਰੰਪਰਾ ਦੇ ਤਿਆਗ ਦੇ ਸਿਧਾਂਤ ਨੂੰ ਪੂਰੀ ਵਿਸਥਾਰ ਸਹਿਤ ਸਮਝਾਉਂਦਾ ਹੈ:

ਇਛਾਵਾਂ ਵਧਾਉਂਦੇ ਜਾਓਗੇ
ਤਾਂ ਘਟਦਾ ਜਾਏਗਾ ਆਨੰਦ

ਮਨਫ਼ੀ ਹੋਈ ਜਾਣਗੀਆਂ ਖ਼ੁਸ਼ੀਆਂ
ਖ਼ਾਹਿਸ਼ਾਂ ਅਸੀਮ ਕਰ ਲਵੋਗੇ
ਜ਼ੀਰੋ ਹੋ ਜਾਣਗੀਆਂ ਖੁਸ਼ੀਆਂ
ਦੁੱਖ ਤੇ ਕੇਵਲ ਦੁੱਖ ਬਚੇਗਾ
ਜਿਉਂ ਜਿਉਂ ਖ਼ਾਹਿਸ਼ਾਂ ਮਿਟਾਓਗੇ
ਅਰਥਾਤ
ਡੀਨੌਮੀਨੇਟਰ ਘਟਾਓਗੇ
ਆਨੰਦਤ
ਅਤਿ ਆਨੰਦਤ ਹੁੰਦੇ ਜਾਓਗੇ
ਤੇ ਅਖ਼ੀਰ ਜਦ ਖ਼ਾਹਿਸ਼ਾਂ ਨੂੰ ਕਾਮਨਾ ਨੂੰ
ਜ਼ੀਰੋ ਤੇ ਲੈ ਆਓਗੇ
ਅਨੰਤ ਆਨੰਦ
ਮਹਾਂ ਆਨੰਦ
ਪਰਮ ਆਨੰਦ ਨੂੰ ਪਾਓਗੇ

$$\text{ਆਨੰਦ} \propto \frac{\text{ਪੂਰਤ ਖਾਹਿਸ਼ਾਂ}}{\text{ਕੁਲ ਖਾਹਿਸ਼ਾਂ}}$$

$$\text{ਖੁਸ਼ੀ} \propto \frac{\text{ਪੂਰਤੀ}}{\text{ਕਾਮਨਾ}}$$

(ਪਿਰਾਮਿਡ, ਪੰਨਾ 77)

ਫੇਰ ਇਸਨੂੰ ਨਕਾਰਦਾ ਹੋਇਆ ਕਹਿੰਦਾ ਹੈ ਕਿ ਇਹ ਕਾਮਨਾ ਹੀ ਮਨੁੱਖ ਦੇ ਵਿਕਾਸ ਦਾ ਇੰਜਨ ਹੈ। ਇਸ ਕਾਮਨਾ ਕਾਰਨ ਹੀ ਉਹ ਆਪਣੀ ਨਿਰੋਲ ਜੈਵਿਕ (ਬਾਇਆਲੋਜੀਕਲ) ਹੋਂਦ ਤੋਂ ਪਾਰ ਜਾ ਕੇ ਸਭਿਆਚਾਰਕ ਸੰਸਾਰ ਦੀ ਸਿਰਜਣਾ ਕਰਦਾ ਹੈ। ਉਹ ਸਪੱਸ਼ਟ ਸ਼ਬਦਾਂ ਵਿਚ ਆਖਦਾ ਹੈ:

ਮੇਰੇ ਸੁਪਨੇ
ਖ਼ਾਹਿਸ਼ਾਂ
ਤੇ ਕਾਮਨਾਵਾਂ ਹੀ
ਮੈਨੂੰ ਆਦਮੀ ਬਣਾਉਂਦੀਆਂ
ਮੈਂ ਆਪਣੇ ਆਪਨੂੰ ਆਪਣੇ ਆਪ ਤੋਂ
ਵੱਖ ਕਿੰਜ ਕਰਾਂ
ਤੁਹਾਡੇ ਫ਼ਲਸਫ਼ੇ ਦਾ ਵਿਸ਼ਾਲ ਪਿਰਾਮਿਡ
ਸਿੱਧਾ ਨਹੀਂ ਉਲਟਾ ਖੜ੍ਹਾ ਹੈ ਆਪਣੀ ਨੋਕ ਤੇ

(ਪਿਰਾਮਿਡ, ਪੰਨਾ 81)

ਉਹ ਜਾਣਦਾ ਹੈ ਕਿ ਇਹ ਕੇਵਲ ਕਾਮਨਾ ਹੀ ਹੈ ਜੋ ਉਸਨੂੰ ਦੂਸਰੇ ਜੀਵਾਂ ਤੋਂ ਵਖਰਿਆਉਂਦੀ ਹੈ। ਕਾਮਨਾ ਕੇਵਲ ਮਨੁੱਖ ਵਿਚ ਹੀ ਹੁੰਦੀ ਹੈ, ਦੂਸਰੇ ਜੀਵਾਂ ਵਿਚ ਨਹੀਂ। 'ਭੁਲੇਖਾ' ਕਵਿਤਾ ਵਿਚ ਉਹ ਸਪਸ਼ਟ ਕਰਦਾ ਹੈ ਕਿ ਕੁੱਤਾ ਲਾਲਚੀ ਨਹੀਂ ਹੁੰਦਾ, ਜਾਨਵਰ ਵਹਿਸ਼ੀ ਨਹੀਂ ਹੁੰਦਾ:

ਕਾਂ ਦੀ ਪਿਆਸ ਤਾਂ ਠੀਕ ਸੀ
ਪਰ ਕੁੱਤਾ ਕਦੋਂ ਲਾਲਚੀ ਹੁੰਦਾ
ਆਪਣੀ ਖਾਧੇ ਬਿਨਾਂ
ਦੂਜੇ ਦੀ ਨਾ ਖੋਂਹਦਾ
ਅਗਲੇ ਡੰਗ ਲਈ ਨਹੀਂ ਜੋੜਦਾ
ਇਹ ਗਲਤ ਕਹਾਣੀ ਹੈ
ਮਨਘੜਤ ਕਹਾਣੀ ਹੈ

ਕੋਈ ਦਰਿੰਦਾ
ਕੋਈ ਪਰਿੰਦਾ
ਕੋਈ ਜਾਨਵਰ ਵਹਿਸ਼ੀ ਭੇੜੀਆ
ਬਲਾਤਕਾਰੀ ਨਹੀਂ ਹੁੰਦਾ
ਕੁਦਰਤ ਦਾ ਅਸੂਲ ਹੈ
ਇਹ ਖ਼ਬਰ ਨਿਰਮੂਲ ਹੈ

ਆਦਮ ਦਾ ਅਪਮਾਨ ਕਰਨ ਲਈ
ਪਸ਼ੂਆਂ ਨੂੰ ਬਦਨਾਮ ਨਾ ਕਰੀਏ

ਆਦਮੀ ਨੂੰ ਤਾਂ
ਆਦਮੀ ਹੋਣ ਦਾ ਇਲਜ਼ਾਮ ਦੇਈਏ
ਆਦਮੀ ਹੋਣ ਦੀ ਅਸੀਸ ਦੇਈਏ
ਤੇ ਆਦਮੀ ਹੋਣ ਦਾ ਵਿਸ਼ਵਾਸ ਦੇਈਏ

(ਭੁਲੇਖਾ, ਪੰਨਾ 61)

ਜਾਨਵਰ ਕੇਵਲ ਆਪਣੀ ਭੁੱਖ ਮਿਟਾਉਣ ਲਈ ਭਾਵ ਆਪਣੀ ਲੋੜ ਪੂਰੀ ਕਰਨ ਲਈ ਹੀ ਕੁਝ ਖਾਂਦਾ ਹੈ। ਸੰਭੋਗ ਵੀ ਇਕ ਵਿਸ਼ੇਸ਼ ਲੋੜ ਪੂਰੀ ਕਰਨ ਲਈ ਹੀਂ ਕਰਦਾ ਹੈ। ਪਰ ਮਨੁੱਖ ਇਹ ਸਭ ਕੁਝ ਕੇਵਲ ਆਪਣੀਆਂ ਲੋੜਾਂ ਦੀ ਪੂਰਤੀ ਲਈ ਹੀ ਨਹੀਂ ਕਰਦਾ, ਕਾਮਨਾ ਦੀ ਪੂਰਤੀ ਲਈ ਕਰਦਾ ਹੈ। ਕਿਉਂਕਿ ਲੋੜ ਸੀਮਤ ਹੁੰਦੀ ਹੈ, ਇਸ ਲਈ ਉਹ ਪੂਰੀ ਹੋ ਜਾਂਦੀ ਹੈ। ਪਰ ਕਾਮਨਾ ਤਾਂ ਅਸੀਮ ਹੁੰਦੀ ਹੈ, ਇਹ ਕਦੇ ਵੀ ਪੂਰੀ ਨਹੀਂ ਹੁੰਦੀ। ਇਹ ਇਕ ਮ੍ਰਿਗ ਤ੍ਰਿਸ਼ਨਾ ਵਾਂਗ ਮਨੁੱਖ ਨੂੰ ਵਿਕਾਸ ਦੇ ਮਾਰਗ ਉਪਰ ਆਪਣੇ ਵੱਲ ਖਿੱਚੀ ਲਈ ਆਉਂਦੀ ਹੈ। ਇਹ ਮਨੁੱਖ ਨੂੰ ਕਿਤੇ ਵੀ ਟਿਕਣ ਨਹੀਂ ਦਿੰਦੀ। ਉਸ ਨੂੰ ਸੰਤੁਸ਼ਟ ਨਹੀਂ ਹੋਣ ਦਿੰਦੀ। ਇਸ ਅਸੰਤੁਸ਼ਟਤਾ

ਕਾਰਨ ਹੀ ਇਹ ਕਾਮਨਾ ਸਿਰਜਣਾਤਮਕ ਹੁੰਦੀ ਹੈ। ਦਰਅਸਲ ਸਿਰਜਣਾਤਮਕ ਸ਼ਕਤੀ ਦਾ ਹੀ ਦੂਸਰਾ ਨਾਮ ਕਾਮਨਾ ਹੈ। ਇਹ ਕਾਮਨਾ ਹੀ ਹੈ ਜੋ ਮਨੁੱਖ ਨੂੰ ਪੂਰਵ-ਨਿਰਧਾਰਿਤ ਪਰੰਪਰਾਵਾਂ ਅਤੇ ਸੰਸਥਾਵਾਂ ਦੀਆਂ ਵਲਗਣਾਂ ਤੋਂ ਮੁਕਤ ਕਰਵਾ ਕੇ ਨਵੀਂ ਪਰਵਾਜ਼ ਲਈ ਪ੍ਰੇਰਦੀ ਹੈ। ਨਾਨਕ, ਜਿਸ ਨੂੰ ਉਹ ਵਾਰ-ਵਾਰ ਯਾਦ ਕਰਦਾ ਹੈ, ਉਸ ਲਈ ਕਿਸੇ ਸਥਾਈ ਪਰੰਪਰਾ ਦਾ ਨਹੀਂ ਸਗੋਂ ਅਨਿਸ਼ਚਿਤ ਪਰਵਾਜ਼/ਉਦਾਸੀ ਦਾ ਪ੍ਰਤੀਕ ਹੈ, ਸਿਰਜਣਾਤਮਕ ਕਾਮਨਾ ਦਾ ਪ੍ਰਤੀਕ ਹੈ। ਉਹ ਕਾਮਨਾ ਜੋ ਮਨੁੱਖ ਜਾਤੀ ਨੂੰ ਅੱਗੇ ਲਿਜਾਣ ਲਈ ਹਰ ਕਿਸਮ ਦੀ ਟੈਰੀਟੋਰੀਅਲਾਈਜੇਸ਼ਨ ਨੂੰ ਤੋੜਦੀ ਹੈ:

ਨਾਨਕ ਤਾਂ ਪਹਿਲੇ ਦਿਨ ਹੀ
ਵਿਦਿਆਲੇ ਨੂੰ
ਵਿਦਿਆ ਦੀ ਵਲਗਣ ਨੂੰ
ਰੱਦ ਕੇ ਘਰ ਮੁੜੇ
ਘਰ ਮੁੜੇ ਘਰੋਂ ਜਾਣ ਲਈ
ਘਰੋਂ ਗਏ ਘਰ ਨੂੰ ਵਿਸਥਾਰਨ ਲਈ
ਵਿਸ਼ਾਲਣ ਲਈ

(ਅਸੀਂ ਨਾਨਕ ਦੇ ਕੀ ਲਗਦੇ ਹਾਂ, ਪੰਨਾ 20)

ਕਵਿਤਾ 'ਨਾਨਕ' ਵੀ ਸਮਾਜਕ ਵਿਕਾਸ ਲਈ ਸਮਾਜ ਨੂੰ ਨਿਸ਼ਚਿਤ ਕਦਰਾਂ ਕੀਮਤਾਂ, ਮੁੱਲਾਂ, ਸੰਸਥਾਵਾਂ ਜਾਂ ਪਰੰਪਰਾਵਾਂ ਦੀ ਕੈਦ ਤੋਂ ਮੁਕਤ ਕਰਵਾਉਣ ਵਾਸਤੇ ਇਹਨਾਂ ਦੇ ਨਿਰਮਾਣ ਪਿੱਛੇ ਕੰਮ ਕਰ ਰਹੀ ਦਮਨਕਾਰੀ ਸਿਆਸਤ ਨੂੰ ਨੰਗਿਆਂ ਕਰਕੇ ਇਹਨਾਂ ਦੀ ਪੁਨਰ-ਸਥਾਪਨਾ ਦੀ ਵਕਾਲਤ ਕਰਦੀ ਹੈ:

ਮਾਫ਼ ਕਰਨਾ
ਸਾਡੇ ਲਈ ਬਹੁਤ ਮੁਸ਼ਕਲ ਹੈ
ਨਾਨਕ ਦੀ ਅਸਲੀ ਤਸਵੀਰ ਦਾ ਧਿਆਨ ਧਰਨਾ
ਪੈਂਡੇ ਦੀ ਧੂੜ ਨਾਲ ਲੱਥ ਪੱਥ ਪਿੰਜਣੀਆਂ
ਤਿੜਕੀਆਂ ਅੱਡੀਆਂ
ਨ੍ਹੇਰੀ ਨਾਲ ਉਲਝੀ ਖੁਸ਼ਕ ਦਾਹੜੀ
ਲੂੰਆਂ ਬਰਫਾਂ ਦੀ ਝੰਬੀ ਪਕਰੋੜ ਚਮੜੀ
ਗੱਲ੍ਹਾਂ ਦਾ ਚਿਪਕਿਆ ਮਾਸ
ਤੇ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ 'ਚ
ਦਗਦੀਆਂ ਮਘਦੀਆਂ ਤੇਜ਼ ਅੱਖਾਂ
ਅੱਖਾਂ ਜੋ -

ਤੇ ਹਰ ਸੰਸਕਾਰ ਨੂੰ
ਟਿੱਚ ਜਾਣਦੀਆਂ

(ਨਾਨਕ, ਪੰਨਾ 21)

ਇਹ ਨਾਨਕ ਹੀ ਹੈ ਜਿਸ ਤੋਂ ਉਹ ਮਨੁੱਖੀ ਮਨ ਦੀ ਡੀਟੈਰੇਟੋਰੀਅਲਾਈਜੇਸ਼ਨ/ਰੀਟੈਰੇਟੋਰੀਅਲਾਈਜੇਸ਼ਨ ਲਈ ਨਿਸ਼ਚਿਤ ਪਰੰਪਰਾਵਾਂ/ਸੰਸਥਾਵਾਂ ਦੇ ਪਿੰਜਰਿਆਂ ਨੂੰ ਤੋੜ ਕੇ ਅਨੰਤ ਅਸਮਾਨਾਂ ਵਿਚ ਅਨਿਸ਼ਚਿਤ ਪਰਵਾਜ਼ ਭਰਨ ਲਈ ਵਰ ਮੰਗਦਾ ਹੈ:

ਲੰਮੀਆਂ ਉਦਾਸੀਆਂ ਵਾਲੇ ਆਪਣੇ ਬਾਬੇ ਤੋਂ
ਉਦਾਸੀਆਂ ਦਾ ਵਰ ਨਹੀਂ ਮੰਗ ਸਕਦੇ
ਕਿਉਂਕਿ ਅਸੀਂ
ਜ਼ੀਰੋ ਵਰਗੀਆਂ ਗੋਲ ਪ੍ਰਕਰਮਾ ਤਾਂ ਕਰ ਸਕਦੇ ਹਾਂ
ਉਦਾਸੀਆਂ ਤੇ ਨਹੀਂ ਚੜ੍ਹ ਸਕਦੇ
ਆਕਾਸ਼ ਵਿਚ ਅਲਮਸਤ ਨਹੀਂ ਉੱਡ ਸਕਦੇ
ਪ੍ਰਵਾਜ਼ ਨਹੀਂ ਭਰ ਸਕਦੇ
ਉਪ ਗ੍ਰਹਿ ਵਾਂਗ
ਨਿਸ਼ਚਿਤ ਗੋਲ ਧਾਰੇ ਵਿਚ ਹੀ ਘੁੰਮ ਸਕਦੇ ਹਾਂ
ਸਾਡਾ ਮਾਰਗ ਤਾਂ ਹੋ ਸਕਦਾ ਜ਼ੀਰੋ ਵਰਗਾ
ਗੋਲ ਜਾਂ ਇਲੈਪਟੀਕਲ
ਜੋ ਭੂਤ ਓਹੀ ਭਵਿੱਖ
ਪੈਰਾਬੋਲਿਕ ਪਾਥ ਬਾਰੇ ਨਹੀਂ ਸੋਚ ਸਕਦੇ
ਸਾਨੂੰ ਅਨੰਤ ਵਿਸ਼ਾਲ ਭਵਿੱਖ ਤੋਂ ਡਰ ਲਗਦਾ ਹੈ

(ਜ਼ੀਰੋ, ਪੰਨਾ 29)

ਪਰ ਉਹ ਕੀ ਹੈ ਜੋ ਜੀਵ ਜੰਤੂਆਂ ਦੀਆਂ ਸੀਮਤ ਲੋੜਾਂ ਨੂੰ ਮਨੁੱਖ ਦੀ ਕਦੇ ਵੀ ਪੂਰੀ ਨਾ ਹੋ ਸਕਣ ਵਾਲੀ ਅਸੀਮ ਕਾਮਨਾ ਵਿਚ ਰੂਪਾਂਤ੍ਰਿਤ ਕਰ ਦਿੰਦੀ ਹੈ? ਇਸਦਾ ਵੀ ਜਸਵੰਤ ਜ਼ਫਰ ਕੋਲ ਇਕ ਖ਼ੂਬਸੂਰਤ ਜੁਆਬ ਹੈ। ਆਪਣੀਆਂ ਕਈ ਕਵਿਤਾਵਾਂ ਖ਼ਾਸ ਕਰਕੇ 'ਪਿਰਾਮਿਡ' ਕਵਿਤਾ ਵਿਚ ਉਹ ਕਾਮਨਾ ਨੂੰ ਸੁਪਨੇ ਨਾਲ ਤੁਲਨਾ ਦਿੰਦਾ ਹੈ। ਸੁਪਨੇ ਨੂੰ ਉਹ ਭਵਿੱਖ ਦੀ ਕਲਪਨਾ ਦੇ ਰੂਪ ਵਿਚ ਦੇਖਦਾ ਹੈ। ਸੁਪਨਾ ਲੈਣ ਦਾ ਅਰਥ ਹੈ ਕੁਝ ਹੋਰ ਬਣਨ ਬਾਰੇ ਸੋਚਣਾ। ਆਪਣੀ ਕਵਿਤਾ 'ਆਜ਼ਾਦੀ' ਵਿਚ ਚਿੜੀ ਦੀ ਆਜ਼ਾਦੀ ਦੇ ਗੀਤ ਗਾਉਂਦਾ ਗਾਉਂਦਾ ਉਹ ਅਚਾਨਕ ਇਹ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਚਿੜੀ ਏਨੀ ਆਜ਼ਾਦ ਨਹੀਂ ਹੈ ਕਿ ਉਹ ਕੁਝ ਹੋਰ ਹੋਣ ਬਾਰੇ ਸੋਚ ਸਕੇ:

ਚਿੜੀ ਏਨੀ ਆਜ਼ਾਦ ਨਾ ਕਿ
ਕੁਝ ਹੋਰ ਹੋਣ ਬਾਰੇ ਸੋਚ ਸਕੇ

ਆਦਮੀ ਹੋਣ ਦਾ ਸੁਪਨਾ ਲੈ ਸਕੇ
ਅਸੀਂ ਕੁਝ ਵੀ ਹੋਣ ਬਾਰੇ
ਸੋਚ ਸਕਦੇ
ਸੁਪਨ ਸਕਦੇ

(ਆਜ਼ਾਦੀ, ਪੰਨਾ 65)

ਕੁਝ ਹੋਰ ਹੋਣ ਬਾਰੇ ਸੋਚਣਾ/ਸੁਪਨਾ ਲੈਣਾ ਹੀ ਸਿਰਜਣਾਤਮਕ ਕਾਮਨਾ ਹੈ। ਪਰ ਚਿੜੀ ਕੋਲ ਇਹ ਸਿਰਜਣਾਤਮਕ ਕਾਮਨਾ ਸ਼ਕਤੀ ਕਿਉਂ ਨਹੀਂ ਹੈ? ਜ਼ਫ਼ਰ ਇਸ ਦਾ ਬੜਾ ਸਪੱਸ਼ਟ ਜੁਆਬ ਦਿੰਦਾ ਹੈ ਕਿ ਚਿੜੀ ਕੋਲ ਇਹ ਸ਼ਕਤੀ ਇਸ ਲਈ ਨਹੀਂ ਹੈ ਕਿਉਂਕਿ ਉਸ ਕੋਲ ਸ਼ਬਦ ਵਾਲੀ ਦਾਤ ਨਹੀਂ ਹੈ। ਦਰਅਸਲ ਇਹ ਸ਼ਬਦ ਭਾਵ ਭਾਸ਼ਾ (ਚਿਹਨਕ ਸ਼ਕਤੀ) ਹੀ ਹੈ ਜੋ ਜੀਵ ਜੰਤੂਆਂ ਵਿਚ ਪਾਈ ਜਾਣ ਵਾਲੀ ਭੁੱਖ ਨੂੰ ਅਸੀਮ ਕਾਮਨਾ ਸ਼ਕਤੀ ਵਿਚ ਰੂਪਾਂਤ੍ਰਿਤ ਕਰ ਦਿੰਦੀ ਹੈ। ਪਰਵਚਨ ਵਿਚ ਬੱਝੀ ਹੋਈ ਭੁੱਖ ਹੀ ਸਿਰਜਣਾਤਮਕ ਕਾਮਨਾ ਸ਼ਕਤੀ ਬਣਦੀ ਹੈ:

ਪੰਛੀ ਉਡ ਲੈਂਦਾ ਜਦ ਚਾਹੁੰਦਾ
ਸਾਨੂੰ ਪੈਣ ਜਹਾਜ਼ੀ ਕਜੀਏ

ਸੋਹਣਾ ਘਰ ਆਪ ਬਣਾਉਂਦਾ
ਅਸੀਂ ਸੌ ਸੌ ਮਿਸਤਰੀ ਸੱਦੀਏ

ਉਹ ਸਭ ਕਰਦਾ ਢਿੱਡ ਭਾਉਂਦਾ
ਅਸੀਂ ਸੰਗਲ ਸਮਾਜੀ ਬੱਝੀਏ
। । । ।
ਉਹ । । ।
ਅਸੀਂ । । ।
। । । ।
ਉਹ ਰੋਮ ਰੋਮ ਮਟਕਾਉਂਦਾ
ਅਸੀਂ ਕੁਹਜ ਆਪਣਾ ਕੱਜੀਏ

ਫਿਰ ਕਿਉਂ ਪਰਿੰਦੇ ਦੀ
ਆਦਮ ਤੋਂ ਉਤੇ ਜ਼ਾਤ ਨਾ
ਏਸ ਲਈ ਕਿ ਓਸ ਕੋਲ
'ਸ਼ਬਦ' ਵਾਲੀ ਦਾਤ ਨਾ
ਸੌਗਾਤ ਨਾ

(ਪੰਛੀ, ਪੰਨਾ 63)

ਪਰ ਇਹ ਕਾਮਨਾ ਕੇਵਲ ਸਿਰਜਣਾਤਮਕ ਹੀ ਨਹੀਂ, ਮਨੁੱਖ ਨੂੰ ਕੰਪੀਟੀਸ਼ਨ ਦੀ ਭਾਵਨਾ ਨਾਲ ਵੀ ਭਰ ਦਿੰਦੀ ਹੈ। ਆਪਣੀ ਕਾਮਨਾ ਦੀ ਪੂਰਤੀ ਲਈ ਦੂਸਰੇ ਦੀ ਬਰਬਾਦੀ ਨੂੰ ਵੀ ਜਾਇਜ਼ ਠਹਿਰਾ ਦਿੰਦੀ ਹੈ:

ਖਾਣ ਦਾ ਅਰਥ ਹੈ ਖੋਹਣਾ
ਹਾਸਿਲ ਦਾ ਅਰਥ ਹਥਿਆਉਂਣਾ
ਜਿਉਂਣ ਦਾ ਅਰਥ ਮਾਰਨਾ
ਵਸਣ ਦਾ ਅਰਥ ਉਜਾੜਨਾ
ਆਪ ਉਤੇ ਜਾਣ ਲਈ
ਦੂਜੇ ਨੂੰ ਹੇਠ ਉਤਾਰਨਾ
ਆਪਣੇ ਨਿੱਘ ਲਈ ਹੋਰਾਂ ਨੂੰ ਸਾੜਨਾ
ਆਪਣੇ ਮੇਚ ਲਈ ਦੂਸਰੇ ਨੂੰ ਪਾੜਨਾ

(ਪਿਰਾਮਿਡ, ਪੰਨਾ 84)

ਖੋਹਣਾ, ਹਥਿਆਉਣਾ, ਮਾਰਨਾ, ਉਜਾੜਨਾ, ਚਾਹੁਣਾ, ਸਾੜਨਾ, ਪਾੜਨਾ, ਪਦਾਰਥ, ਪਾਵਰ, ਹਉਮੈ ਆਦਿ ਇਸ ਤਰ੍ਹਾਂ ਦੀ ਸੋਚ ਦੇ ਮੈਟਾਫਰ ਬਣ ਗਏ ਹਨ। 'ਰੁਖ ਰੋਮ' ਅਤੇ 'ਕੰਪੀਟੀਸ਼ਨ' ਕਵਿਤਾਵਾਂ ਵਿਚਲੀ ਇਹ ਭਾਵਨਾ ਕੇਵਲ ਦੂਸਰੇ ਦੀ ਬਰਬਾਦੀ ਨੂੰ ਹੀ ਨਹੀਂ, ਸਾਂਝੀ ਕੁਦਰਤ ਦੇ ਬਲਾਤਕਾਰ ਨੂੰ ਵੀ ਰੈਸ਼ਨਲਾਈਜ਼ ਕਰ ਲੈਂਦੀ ਹੈ:

ਸਿੰਘ ਜੀ ਦੇ ਘਰ ਸਾਹਮਣੇ
ਸੜਕ ਦੇ ਦੂਜੇ ਪਾਰ
ਖੜ੍ਹਿਆ ਕਰੇਗੀ ਕਾਰ
ਜਿਥੇ ਅੱਜ ਕੱਲ੍ਹ ਖੜ੍ਹਾ ਹੈ ਇਕ ਬੀਬਾ ਰਾਣਾ ਰੁੱਖ
ਸਿੰਘ ਜੀ ਕਹਿੰਦੇ–
ਇਸ ਨੂੰ ਦੇਵੋ ਚੁੱਕ
ਕਰ ਦਿਉ ਇਹ ਥਾਂ ਸਾਫ਼
ਰੁੱਖ ਨੂੰ ਕਰੋ ਖਲਾਸ

(ਰੁੱਖ ਰੋਮ, ਪੰਨਾ 33)

ਸੋ ਇਸ ਤਰ੍ਹਾਂ ਉਹ ਪੂਰਬ ਦੀ ਸੰਪੂਰਨ ਤਿਆਗ ਦੀ ਪਰੰਪਰਾ ਨੂੰ ਹੀ ਨਹੀਂ, ਸਗੋਂ ਪੱਛਮ ਦੀ ਸੰਪੂਰਨ ਪ੍ਰਾਪਤੀ ਦੀ ਪਰੰਪਰਾ ਨੂੰ ਵੀ ਨਕਾਰ ਦਿੰਦਾ ਹੈ:

ਆਦਮੀ ਆਪਣੀ ਚੌੜ ਕਾਰਨ
ਏਸ ਤਰ੍ਹਾਂ ਦੀ ਦੌੜ ਕਾਰਨ
ਸਦੀਆਂ ਵਿਚ ਨਹੀਂ

ਸਾਲਾਂ ਵਿਚ ਹੀ
ਮੁੜਕੋ-ਮੁੜਕੀ ਹੋ ਜਾਂਦਾ
ਤੇ ਫਿਰ ਪੂਰਬ ਵੱਲ ਨੂੰ
ਦੁੜਕੋ ਦੁੜਕੀ ਹੋ ਲੈਂਦਾ

(ਪਿਰਾਮਿਡ, ਪੰਨਾ 85)

ਪੂਰਬ ਪੱਛਮ ਵੱਲ ਦੌੜ ਰਿਹਾ ਹੈ, ਪੱਛਮ ਪੂਰਬ ਵੱਲ। ਪਰ ਜ਼ਫ਼ਰ ਇਹਨਾਂ ਦੋਨਾਂ ਵਿਚੋਂ ਕਿਸੇ ਇਕ ਦਿਸ਼ਾ ਵੱਲ ਦੌੜ ਦੀ ਚੋਣ ਨਹੀਂ ਕਰਦਾ। ਉਹ ਦੋਨੋਂ ਕਿਸਮ ਦੀਆਂ ਦੌੜਾਂ ਨੂੰ ਰੱਦ ਕਰ ਦਿੰਦਾ ਹੈ:

ਅਸੰਭਵ
ਸਭ ਕੁਝ ਜਿੱਤਣਾ
ਅਸੰਭਵ
ਸਭ ਕੁਝ ਤਿਆਗਣਾ
ਸਭ ਕੁਝ ਜਿੱਤਣ ਜਾਂ ਤਿਆਗਣ
ਜਦੋਂ ਨਿਕਲਦਾ ਆਦਮੀ
ਆਪਣਾ ਆਪ ਗੁਆ ਬਹਿੰਦਾ
ਆਪਣੀ ਜੋਤ ਬੁਝਾ ਲੈਂਦਾ
ਆਦਮੀ ਤੋਂ ਧੁਰ ਪੂਰਬ ਜਿੰਨਾ ਦੂਰ
ਧੁਰ ਪੱਛਮ ਵੀ ਓਨਾ ਦੂਰ

(ਪਿਰਾਮਿਡ, ਪੰਨਾ 86)

ਉਹ ਇਹਨਾਂ ਦੋਨਾਂ ਪਰੰਪਰਾਵਾਂ ਨੂੰ ਤਿਆਗ ਕੇ ਕਿਸੇ ਤੀਸਰੀ ਨਵੀਂ ਸੋਚ ਦਾ ਨਿਰਮਾਣ ਵੀ ਨਹੀਂ ਕਰਦਾ। ਜੇਕਰ ਇਹ ਗੱਲ ਹੈ ਤਾਂ ਮੰਨਣਾ ਪਵੇਗਾ ਕਿ ਉਹ ਕਿਸੇ ਨਵੇਂ ਮਾਰਗ ਦਾ ਆਰਕੀਟੈਕਟ ਨਹੀਂ ਹੈ, ਸਿਰਜਕ ਨਹੀਂ ਹੈ। ਜੇਕਰ ਉਹ ਪੂਰਵ ਨਿਰਧਾਰਿਤ ਪਰੰਪਰਾਵਾਂ ਵਿਚੋਂ ਕਿਸੇ ਇਕ ਵਿਸ਼ੇਸ਼ ਪਰੰਪਰਾ ਦਾ ਧਾਰਨੀ ਨਹੀਂ ਹੈ, ਤਾਂ ਦੂਸਰੇ ਪਾਸੇ ਕਿਸੇ ਨਵੀਂ ਪਰੰਪਰਾ/ਵਿਚਾਰਧਾਰਾ ਦਾ ਨਿਰਮਾਤਾ/ਸਿਰਜਕ/ਆਰਕੀਟੈਕਟ ਵੀ ਨਹੀਂ ਹੈ। ਇਹ ਸਭ ਕੁਝ ਨਹੀਂ ਹੈ ਤਾਂ ਫੇਰ ਉਹ ਕੀ ਹੈ? ਉਹ ਤਾਂ ਕਹਿੰਦਾ ਹੈ:

ਨਾ ਤਾਂ ਪੂਰਬ ਛੱਡ
ਪੂਰਬ ਵੀ ਮਾਣ
ਨਾ ਹੀ ਪੱਛਮ ਛੱਟ
ਪੱਛਮ ਵੀ ਮਾਣ

''ਮਨ ਤੂੰ ਜੋਤਿ ਸਰੂਪ ਹੈ
ਆਪਣਾ ਮੂਲੁ ਪਛਾਣੁ''

(ਪਿਰਾਮਿਡ, ਪੰਨਾ 86)

ਪਰ ਇਸ ਪੁਸਤਕ ਦੀ ਪਹਿਲੀ ਕਵਿਤਾ ਵਿਚ ਹੀ ਉਹ ਇਹ ਘੋਸ਼ਿਤ ਕਰ ਦਿੰਦਾ ਹੈ ਕਿ ਆਪਣੇ ਆਪ ਨੂੰ ਪਛਾਨਣ ਭਾਵ ਆਪਣੇ ਆਪ ਕੋਲ ਆਉਣ ਜਾਂ ਆਪਣੇ ਆਪ ਨੂੰ ਮਿਲਣ ਦਾ ਅਰਥ ਹੈ, ਕਵੀ ਹੋਣਾ:

ਉਹ ਦੀਵਾਰ ਤੇ ਲਿਖ ਗਏ
ਤੇ ਦੀਵਾਰ ਨੇ ਕਿਹਾ–
ਦਿੱਲੀ ਚਲੋ

ਉਹ ਇਸ਼ਤਿਹਾਰ ਚਿਪਕਾ ਗਏ
ਤੇ ਇਸ਼ਤਿਹਾਰ ਨੇ ਕਿਹਾ–
ਮਥੁਰਾ ਚਲੋ

ਕਵਿਤਾ ਸ਼ਾਇਰ ਕੋਲ ਆਈ
ਤੇ ਸ਼ਾਇਰ ਨੇ ਕਿਹਾ–
ਆਪਣੇ ਆਪ ਕੋਲ ਆਓ
ਆਪਣੇ ਆਪ ਨੂੰ ਮਿਲੋ

(ਯਾਤਰਾ, ਪੰਨਾ 19)

ਨਾ ਤਾਂ ਉਹ ਕੇਵਲ ਕਿਸੇ ਅੰਤਮ ਸੱਚ/ਪਰੰਪਰਾ/ਵਿਚਾਰਧਾਰਾ ਦਾ ਖੋਜੀ/ਇਤਿਹਾਸਕਾਰ/ਆਰਕੀਟੈਕਟ ਹੈ ਜਿਸ ਖੋਜ ਨੂੰ ਉਹ ਦੀਵਾਰ ਤੇ ਲਿਖ ਸਕੇ ਤੇ ਨਾ ਹੀ ਕਿਸੇ ਨਵੀਂ ਸੋਚ/ਪਰੰਪਰਾ ਦਾ ਸਿਰਜਕ ਜਿਸਦੇ ਇਸ਼ਤਿਹਾਰ ਉਹ ਕੰਧਾਂ ਉਪਰ ਚਿਪਕਾ ਸਕੇ, ਉਹ ਇਕ ਕਵੀ ਹੈ, ਕਵਿਤਾ ਉਹ ਸਿਰਜਣਾਤਮਕ ਧਰਾਤਲ ਹੈ ਜਿਥੇ ਅਸੀਂ ਆਪਣੇ ਆਪ ਨੂੰ ਮਿਲ ਸਕਦੇ ਹਾਂ। ਜਿਥੇ ਸਾਡੇ ਅੰਦਰ ਬੈਠੇ ਇਤਿਹਾਸਕਾਰ, ਆਰਕੀਆਲੋਜਿਸਟ, ਖੋਜੀ, ਆਰਕੀਟੈਕਟ, ਸਿਰਜਕ ਸਭ ਇਕ ਸਾਂਝਾ ਸੰਵਾਦ ਰਚਾ ਸਕਦੇ ਹਨ। ਜਿਥੇ ਪੂਰਬ ਅਤੇ ਪੱਛਮ ਮਿਲ ਸਕਦੇ ਹਨ। ਜਿਥੇ ਤਿਆਗ ਅਤੇ ਪੂਰਤੀ ਦਾ ਮਿਲਣ ਹੋ ਸਕਦਾ ਹੈ। ਇਸ ਕਵਿਤਾ ਰਾਹੀਂ ਉਹ ਸਾਡੇ ਵਾਸਤੇ ਇਕ ਅਜੇਹੀ ਸਿਰਜਣਾਤਮਕ ਧਰਾਤਲ ਦੀ ਹੀ ਸਿਰਜਣਾ ਕਰਦਾ ਹੈ ਜਿਥੇ ਸਾਡੇ ਮਨਾਂ ਅੰਦਰ ਬੈਠੇ ਇਹ ਸਭ ਲੋਕ ਇਕ ਸਾਂਝਾ ਸੰਵਾਦ ਰਚਾ ਸਕਦੇ ਹਨ:

''ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ॥''

(ਦੋ ਕਿਤਾਬਾਂ, ਪੰਨਾ 87)

ਸੋ ਜਸਵੰਤ ਜ਼ਫ਼ਰ ਦੀ ਕਵਿਤਾ ਨਾ ਕਿਸੇ ਅੰਤਮ ਸੱਚ ਦੀ ਖੋਜ ਹੈ ਤੇ ਨਾ ਹੀ ਕਿਸੇ ਸਮਾਜਕ ਸੁਪਨੇ (ਭਵਿੱਖ) ਦਾ ਡਿਜ਼ਾਇਨ। ਉਸ ਦੀ ਕਵਿਤਾ ਉਸ ਅੰਦਰ ਬੈਠੇ ਖੋਜੀ ਅਤੇ ਸਿਰਜਕ ਦੋਨਾਂ ਨੂੰ ਟੱਪ ਜਾਂਦੀ ਹੈ। ਉਹ ਆਪ ਖੋਜੀ ਅਤੇ ਸਿਰਜਕ ਹੋਣ ਦੀ ਥਾਂ ਆਪਣੇ ਪਾਠਕਾਂ ਨੂੰ ਜਗਿਆਸਾ ਅਤੇ ਸਿਰਜਣਾ ਨਾਲ ਭਰ ਦਿੰਦਾ ਹੈ। ਇਸੇ ਲਈ ਉਹ ਕੋਈ ਨਿਰਣਾ ਦੇਣ ਦੀ ਥਾਂ ਪੂਰਬ ਅਤੇ ਪੱਛਮ ਨੂੰ ਪਾਠਕ ਦੇ ਮਨ ਅੰਦਰ ਹੀ ਮਿਲਾਉਂਦਾ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਉਹ ਇਤਿਹਾਸਕਾਰ, ਆਰਕੀਆਲੋਜਿਸਟ, ਖੋਜੀ ਅਤੇ ਸਿਰਜਕ ਬਣਦਾ ਬਣਦਾ ਅਖ਼ੀਰ ਤੇ ਕਵਿਤਾ ਵੱਲ ਕਿਉਂ ਅਤੇ ਕਿਵੇਂ ਮੋੜ ਕੱਟ ਜਾਂਦਾ ਹੈ। ਇਕ ਅਕਾਦਮਿਕ ਡਿਸਕੋਰਸ ਰਚਣ ਦੀ ਥਾਂ ਕਾਵਿਕ ਡਿਸਕੋਰਸ ਕਿਉਂ ਰਚਦਾ ਹੈ। ਪਹਿਲੀ ਗੱਲ ਤਾਂ ਇਹ ਕਿ ਅਜੋਕੇ ਅਕਾਦਮਿਕ ਡਿਸਕੋਰਸ ਦੀ ਸਿਰਜਣਾ ਕਰਨ ਵਾਲੀਆਂ ਰੈਸ਼ਨਲ, ਐਨਾਲਿਟੀਕਲ, ਕੈਟਾਗੋਰੀਕਲ ਅਤੇ ਐਬਸਟਰੈਕਟ ਸੋਚ ਦੀਆਂ ਪਰੰਪਰਾਵਾਂ ਅਕਾਦਮਿਕ ਅੰਤਰਦ੍ਰਿਸ਼ਟੀਆਂ ਨੂੰ ਅਤੀ ਜਟਿਲ ਕਿਸਮ ਦੇ ਸਭਿਆਚਾਰਕ ਡਿਸਕੋਰਸ ਵਿਚ ਪੂਰੀ ਆਜ਼ਾਦੀ ਅਤੇ ਖੁੱਲ੍ਹ ਨਾਲ ਵਿਚਰਣ ਹੀ ਨਹੀਂ ਦਿੰਦੀਆਂ। ਉਦਾਹਰਣ ਦੇ ਤੌਰ ਤੇ ਉਸਦੀਆਂ ਕਵਿਤਾਵਾਂ 'ਭਾਈ ਘਨੱ੍ਹਈਆ' ਅਤੇ 'ਮੁਕਤੇ' ਜਿਸ ਤਰ੍ਹਾਂ ਨਾਲ ਸਿੱਖ ਸਭਿਆਚਾਰ ਦੀਆਂ ਜਟਿਲ ਬਰੀਕੀਆਂ ਨਾਲ ਸੰਵਾਦ ਰਚਾਉਂਦੀਆਂ ਹਨ, ਤਾਰਕਿਕ ਅਤੇ ਵਿਸ਼ਲੇਸ਼ਣਾਤਮਕ ਅਕਾਦਮਿਕ ਡਿਸਕੋਰਸ ਉਸ ਤਰ੍ਹਾਂ ਕਰ ਹੀ ਨਹੀਂ ਸਕਦਾ:

ਸਿੱਖ ਹਮੇਸ਼ਾ ਇਕੱਲਾ ਹੁੰਦਾ
ਇਕੱਲਾ ਸਿੱਖ ਹੀ ਸਵਾ ਲੱਖ ਹੁੰਦਾ
ਦੋ ਸਿੱਖ ਢਾਈ ਲੱਖ ਨਹੀਂ ਹੁੰਦੇ
ਤਿੰਨ ਸਿੱਖ ਪੌਣੇ ਚਾਰ ਲੱਖ ਨਹੀਂ ਹੁੰਦੇ

(ਭਾਈ ਘਨੱ੍ਹਈਆ, ਪੰਨਾ 35)

ਇਸ ਤਰ੍ਹਾਂ ਉਸਦੀ ਕਵਿਤਾ ਜ਼ਿੰਦਗੀ ਨੂੰ ਸਮਝਣ ਸਮਝਾਉਣ ਅਤੇ ਬੇਹਤਰ ਬਣਾਉਣ ਲਈ ਅਜੇਹੀਆਂ ਸੰਭਾਵਨਾਵਾਂ ਪੈਦਾ ਕਰ ਦਿੰਦੀ ਹੈ, ਜਿਹੋ ਜਿਹੀਆਂ ਸੰਭਾਵਨਾਵਾਂ ਤਾਰਕਿਕ ਅਤੇ ਵਿਸ਼ਲੇਸ਼ਣਾਤਮਕ ਅਕਾਦਮਿਕ ਡਿਸਕੋਰਸਾਂ ਰਾਹੀਂ ਸੰਭਵ ਨਹੀਂ ਹਨ। ਇਸੇ ਲਈ ਅਜੋਕੇ ਪੰਜਾਬੀ ਜੀਵਨ ਵਾਸਤੇ ਉਸ ਦੀ ਕਵਿਤਾ ਕਿਸੇ ਅਕਾਦਮਿਕ ਅਤੇ ਰਾਜਸੀ ਪ੍ਰੋਗਰਾਮ ਨਾਲੋਂ ਵਧੇਰੇ ਪ੍ਰਾਸੰਗਿਕ ਅਤੇ ਸਾਰਥਕ ਹੋ ਜਾਂਦੀ ਹੈ। ਇਸੇ ਕਵਿਤਾ ਨੂੰ ਅੱਗੇ ਤੋਰਦਾ ਹੋਇਆ ਉਹ ਆਖਦਾ ਹੈ:

ਗੁਰੂ ਨੇ ਜਨੇਊ ਦੇ ਵੱਖਰੇ ਅਰਥ ਕੀਤੇ
ਭਾਈ ਘਨੱ੍ਹਈਆ ਗੁਰੂ ਦਾ ਉਪਦੇਸ਼ ਕਮਾਉਂਦਾ
ਉਸ ਆਪਣੀ ਕਿਰਪਾਨ ਦੇ
ਵੱਖਰੇ ਅਰਥ ਜਾਣੇ

ਮੁਸਕਰਾਉਂਦਿਆਂ ਲਾਡ ਨਾਲ ਪੁੱਛਿਆ–
ਕੀ ਕਰੇਂਗਾ ਇਸ ਕਿਰਪਾਨ ਨਾਲ?
ਭੋਲੇ ਭਾਅ ਬੋਲਿਆ ਘਨੱਈਆ–
ਜਦੋਂ ਕੋਈ ਹਤਿਆਰਾ ਮੇਰੀ ਜਾਨ ਲੈਣ ਆਏਗਾ
ਮੈਂ ਕਹਾਂਗਾ–
ਪਿਆਰੇ, ਕਿਉਂ ਖੇਚਲ ਦਿੰਨਾਂ
ਆਪਣੀ ਦੁਸ਼ਮਣੀ ਦੀ ਤਲਵਾਰ ਨੂੰ
ਲੈ ਫੜ ਮੇਰੇ ਗੁਰੂ ਦੀ ਬਖ਼ਸ਼ੀ ਪਿਆਰ ਨਿਸ਼ਾਨੀ
ਮੇਰੀ ਜਾਨ ਏਸ ਦੀ ਧਾਰ ਤੋਂ ਜਾਵੇ
ਮੇਰੀ ਮੌਤ ਦਾ ਰਸਤਾ
ਗੁਰੁ ਦੇ ਪਿਆਰ ਚੋਂ ਜਾਵੇ

(ਭਾਈ ਘਨੱਈਆ, ਪੰਨਾ 36)

ਕਵਿਤਾ ਵਿਚ ਇਹ ਨਵੀਆਂ ਸੰਭਾਵਨਾਵਾਂ ਇਸ ਲਈ ਪੈਦਾ ਹੋ ਜਾਂਦੀਆਂ ਹਨ ਕਿਉਂਕਿ ਕਵਿਤਾ ਜ਼ਿੰਦਗੀ ਨੂੰ ਕੇਵਲ ਇਕ ਵੱਖਰੇ ਢੰਗ ਨਾਲ ਅਨੁਭਵ ਹੀ ਨਹੀਂ ਕਰਦੀ, ਸਗੋਂ ਜ਼ਿੰਦਗੀ ਨੂੰ ਇਕ ਨਵੇਂ ਨਰੋਏ ਢੰਗ ਨਾਲ ਜੀਂਵਦੀ ਵੀ ਹੈ। ਸੋ ਕਵਿਤਾ ਇਕ ਟੋਟਲ ਐਕਸਪੀਰੀਐਂਸ ਹੈ, ਜੋ ਸਭਿਆਚਾਰ-ਰਾਜਨੀਤਕ ਐਕਸ਼ਨ ਤੋਂ ਵੀ ਮਹਿਰੂਮ ਨਹੀਂ ਹੈ। ਭਾਈ ਘਨੱਈਏ ਵਾਲੀ ਉਪਰੋਕਤ ਕਵਿਤਾ ਵਿਚੋਂ ਅਜੇਹੇ ਸਭਿਆਚਾਰ-ਰਾਜਨੀਤਕ ਐਕਸ਼ਨ ਨੂੰ ਸਾਫ਼-ਸਾਫ਼ ਦੇਖਿਆ ਜਾ ਸਕਦਾ ਹੈ। ਸੋ ਜ਼ਫ਼ਰ ਦੀ ਕਵਿਤਾ ਅਕਾਦਮਿਕ ਪ੍ਰਵਚਨਾਂ ਅਤੇ ਅਜੋਕੇ ਜੀਵਨ ਦੇ ਸੰਸਕ੍ਰਿਤ-ਰਾਜਨੀਤਕ ਪ੍ਰਵਚਨਾਂ ਨੂੰ ਇਕ ਟੈਂਸ਼ਨ ਵਿਚ ਫਸਾ ਕੇ ਇਹਨਾਂ ਤੋਂ ਪਾਰ ਲੰਘ ਜਾਂਦੀ ਹੈ।

ਦਰਅਸਲ ਕਵਿਤਾ ਉਹ ਮੋਹ, ਮੁਹੱਬਤ, ਪਿਆਰ, ਮਮਤਾ ਅਤੇ ਦੋਸਤੀ ਹੈ ਜੋ ਬੁੜ੍ਹੇ ਨੂੰ ਬਾਪੂ ਅਤੇ ਸ਼ਰੀਕ ਨੂੰ ਭਰਾ ਬਣਾ ਦਿੰਦੀ ਹੈ:

ਮੋਹ ਮੁਹੱਬਤ ਪਿਆਰ ਮਮਤਾ ਦੋਸਤੀ
ਇਹਨਾਂ ਨਾਲ ਰਿਸ਼ਤਿਆਂ ਦੀ ਰਿਸ਼ਤਗੀ

ਬਾਪੂ – ਮੋਹ = ਬੁੜ੍ਹਾ
ਭਰਾ – ਪਿਆਰ = ਸ਼ਰੀਕ
ਪਤੀ – ਦੋਸਤੀ = ਮਰਦ
ਪਤਨੀ – ਮੁਹੱਬਤ = ਔਰਤ
ਔਰਤ – ਮਮਤਾ = ਫਫੇਕੁਟਣੀ

(ਬੂਹੇ, ਪੰਨਾ 57)

ਅਰਥ ਨਹੀਂ, ਅਰਥਾਂ ਦੀ ਪਰਫੌਰਮੈਂਸ ਦੇਖਣ ਵਾਲੀ ਹੁੰਦੀ ਹੈ। ਉਸਦੀ ਕਵਿਤਾ ਵਿਚ ਅਰਥ ਕਿਵੇਂ ਘਟਦੇ ਹਨ, ਇਹ ਦੇਖਣ ਲਈ ਉਸਦੀ ਕਵਿਤਾ ਬੱਚਾ ਪੜ੍ਹੀ ਜਾ ਸਕਦੀ ਹੈ:

ਬੱਚੇ ਨਾਲ
ਘਰ ਸਾਹ ਲੈਂਦਾ
ਕੰਧਾਂ ਧੜਕਦੀਆਂ
ਛੱਤਾਂ ਛਣਕਦੀਆਂ
ਤੇ ਖਿੜਕੀਆਂ ਹੱਸਦੀਆਂ

ਬੱਚੇ ਬਿਨਾਂ
ਰਾਤੀਂ ਚੰਦ ਨਹੀਂ ਚੜ੍ਹਦਾ
ਤਾਰੇ ਨਾ ਟਿਮਟਿਮਾਉਂਦੇ
ਘਾਹ ਤੇ ਤਰੇਲ ਨਹੀਂ ਪੈਂਦੀ
ਵਿਹੜੇ 'ਚ ਧੁੱਪ ਨਹੀਂ ਖਿੜਦੀ

(ਬੱਚਾ, ਪੰਨਾ 55)

ਸੋ ਜਸਵੰਤ ਜ਼ਫ਼ਰ ਉਹ ਕਾਵਿਕ ਅਨੁਭਵ ਹੈ ਜੋ ਸਾਡੀ ਪਰੰਪਰਾਗਤ ਸੋਚ ਵਿਚਾਰ ਦੀਆਂ ਵਲਗਣਾਂ ਨੂੰ ਟੱਪ ਜਾਂਦਾ ਹੈ। ਅਰਥਾਂ, ਭਾਵਨਾਵਾਂ ਆਦਿ ਦੀ ਇਕ ਅਜੇਹੀ ਬਹੁਤਾਤ ਪੈਦਾ ਕਰਦਾ ਹੈ ਜਿਸਨੂੰ ਸਾਡੇ ਅਕਾਦਮਿਕ ਅਤੇ ਰਾਜਨੀਤਕ ਪਰਵਚਨ ਸੰਭਾਲ ਹੀ ਨਹੀਂ ਪਾਉਂਦੇ। ਇਹਨਾਂ ਵਿਚੋਂ ਉੱਛਲ ਕੇ ਸੰਸਕ੍ਰਿਤ-ਰਾਜਨੀਤਕ ਐਕਸ਼ਨ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਕਰਾ ਦਿੰਦੀ ਹੈ। ਸੋ ਆਪਣੀ ਕਵਿਤਾ ਵਿਚਲੀ ਇਸ ਬਹੁਤਾਤ ਰਾਹੀਂ ਜਸਵੰਤ ਜ਼ਫ਼ਰ ਭਾਸ਼ਾਈ ਅਨੁਭਵ ਅਤੇ ਪਰਫੌਰਮੈਂਸ ਦੀਆਂ ਪਰੰਪਰਾਗਤ ਅਤੇ ਟੈਰੀਟੋਰੀਅਲਾਈਜ਼ਡ ਸੀਮਾਵਾਂ ਨੂੰ ਪਾਰ ਕਰਕੇ ਖੁੱਲ੍ਹੇ ਅਸਮਾਨਾਂ ਵਿਚ ਇਕ ਅਜੇਹੀ ਪਰਵਾਜ਼ ਭਰਦਾ ਹੈ ਜੋ ਹਰ ਕਿਸਮ ਦੀ ਵਿਗਿਆਨਕ ਵਲਗਣ ਨੂੰ ਟੱਪ ਕੇ ਨਵੇਂ ਅਰਥ, ਨਵੇਂ ਰਿਸ਼ਤੇ ਅਤੇ ਨਵੀਆਂ ਸੰਭਾਵਨਾਵਾਂ ਪੈਦਾ ਕਰ ਦਿੰਦੀ ਹੈ। ਕਿਉਂਕਿ ਕਵਿਤਾ ਦੀ ਇਸ ਸਮਰੱਥਾ ਬਾਰੇ ਉਹ ਪੂਰੀ ਤਰ੍ਹਾਂ ਸੁਚੇਤ ਹੈ, ਉਸੇ ਲਈ ਉਹ ਆਖਦਾ ਹੈ:

ਛੋਟੇ ਬੰਦੇ ਦਾ ਰੱਬ ਛੋਟਾ
ਵੱਡੇ ਦਾ ਰੱਬ ਵੱਡਾ
ਸਭ ਤੇ ਵੱਡਾ ਸਤਿਗੁਰੁ ਨਾਨਕੁ
ਨਾਨਕ ਦਾ ਰੱਬ ਸਭ ਤੋਂ ਵੱਡਾ

(ਰੱਬ, ਪੰਨਾ 31)

—ਅਮਰਜੀਤ ਸਿੰਘ ਗਰੇਵਾਲ

ਯਾਤਰਾ

ਉਹ ਦੀਵਾਰ ਤੇ ਲਿਖ ਗਏ
ਤੇ ਦੀਵਾਰ ਨੇ ਕਿਹਾ–
ਦਿੱਲੀ ਚਲੋ

ਉਹ ਇਸ਼ਤਿਹਾਰ ਚਿਪਕਾ ਗਏ
ਤੇ ਇਸ਼ਤਿਹਾਰ ਨੇ ਕਿਹਾ–
ਮਥੁਰਾ ਚਲੋ

ਕਵਿਤਾ ਸ਼ਾਇਰ ਕੋਲ ਆਈ
ਤੇ ਸ਼ਾਇਰ ਨੇ ਕਿਹਾ–
ਆਪਣੇ ਆਪ ਕੋਲ ਆਓ
ਆਪਣੇ ਆਪ ਨੂੰ ਮਿਲੋ

ਅਸੀਂ ਨਾਨਕ ਦੇ ਕੀ ਲਗਦੇ ਹਾਂ

ਨਾਨਕ ਤਾਂ ਪਹਿਲੇ ਦਿਨ ਹੀ
ਵਿਦਿਆਲੇ ਨੂੰ
ਵਿਦਿਆ ਦੀ ਵਲਗਣ ਨੂੰ
ਰੱਦ ਕੇ ਘਰ ਮੁੜੇ
ਘਰ ਮੁੜੇ ਘਰੋਂ ਜਾਣ ਲਈ
ਘਰੋਂ ਗਏ ਘਰ ਨੂੰ ਵਿਸਥਾਰਨ ਲਈ
ਵਿਸ਼ਾਲਣ ਲਈ

ਅਸੀਂ ਨਾਨਕ ਵਾਂਗ ਵਿਦਿਆਲੇ ਨੂੰ ਨਾਕਾਰ ਨਹੀਂ ਸਕਦੇ
ਨਾਨਕ ਨਾਮ ਤੇ ਵਿਦਿਆਲੇ ਉਸਾਰ ਸਕਦੇ ਹਾਂ–
ਗੁਰੂ ਨਾਨਕ ਵਿਦਿਆਲਾ
ਗੁਰੂ ਨਾਨਕ ਮਹਾਂਵਿਦਿਆਲਾ
ਗੁਰੂ ਨਾਨਕ ਵਿਸ਼ਵਵਿਦਿਆਲਾ

ਵਿਦਿਆਲੇ ਦੇ ਸੋਧੇ ਪ੍ਰਬੋਧੇ ਅਸੀਂ
ਗਿਆਨੀ
ਵਿਦਿਆ ਦਾਨੀ
ਘਰਾਂ ਦੇ ਕੈਦੀ
ਪਤਵੰਤੇ ਸੱਜਣ
ਨਾਨਕ ਦੇ ਕੀ ਲੱਗਦੇ ਹਾਂ

ਨਾਨਕ

ਮਾਫ਼ ਕਰਨਾ
ਸਾਡੇ ਲਈ ਬਹੁਤ ਮੁਸ਼ਕਲ ਹੈ
ਨਾਨਕ ਦੀ ਅਸਲੀ ਤਸਵੀਰ ਦਾ ਧਿਆਨ ਧਰਨਾ
ਪੈਂਡੇ ਦੀ ਧੂੜ ਨਾਲ ਲੱਥ ਪੱਥ ਪਿੰਜਣੀਆਂ
ਤਿੜਕੀਆਂ ਅੱਡੀਆਂ
ਨ੍ਹੇਰੀ ਨਾਲ ਉਲਝੀ ਖੁਸ਼ਕ ਦਾਹੜੀ
ਲੂੰਆਂ ਬਰਫਾਂ ਦੀ ਝੰਬੀ ਪਕਰੋੜ ਚਮੜੀ

ਗੱਲ੍ਹਾਂ ਦਾ ਚਿਪਕਿਆ ਮਾਸ
ਤੇ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ 'ਚ
ਦਗਦੀਆਂ ਮਘਦੀਆਂ ਤੇਜ਼ ਅੱਖਾਂ
ਅੱਖਾਂ ਜੋ -

ਪਰਿਵਾਰ ਨੂੰ
ਸਰਕਾਰ ਨੂੰ
ਤੇ ਹਰ ਸੰਸਕਾਰ ਨੂੰ
ਟਿੱਚ ਜਾਣਦੀਆਂ

ਬਹੁਤ ਖ਼ਤਰਨਾਕ ਸਿੱਧ ਹੋ ਸਕਦੈ
ਸਾਡੇ ਲਈ ਅਸਲੀ ਨਾਨਕ
ਅਜਿਹੇ ਨਾਨਕ ਦਾ ਅਸੀਂ
ਧਿਆਨ ਨਹੀਂ ਧਰ ਸਕਦੇ
ਜੋ ਘਰਾਂ ਨੂੰ ਉਜਾੜ ਸਕਦਾ
ਨਿਆਣੇ ਵਿਗਾੜ ਸਕਦਾ
ਕਿਸੇ ਕਾਅਬੇ ਵੱਲ ਪੈਰ ਕਰਕੇ
ਪ੍ਰਕਰਮਾ ਵਿਚ ਲੇਟਣ ਲਈ ਉਕਸਾ ਸਕਦਾ
ਲਿਹਾਜ਼ਾ
ਲੱਤਾਂ ਤੁੜਵਾ ਜਾਂ ਲੱਤਾਂ ਵਢਵਾ ਸਕਦਾ
ਤੇ ਹੋਰ ਵੀ ਬੜਾ ਕੁਝ ਗ਼ਲਤ ਕਰਵਾ ਸਕਦਾ
ਮਸਲਨ
ਅਸੀਂ ਮਜ਼ਹਬੀ ਚਿੰਨਾਂ ਦੇ ਥੋਥੇਪਨ ਨੂੰ ਨਾਪ ਸਕਦੇ ਹਾਂ
ਵਹਿਣਾਂ ਨੂੰ ਮੋੜਨ ਦਾ
ਮਰਿਯਾਦਾ ਨੂੰ ਤੋੜਨ ਦਾ
ਐਲਾਨਨਾਮਾ ਛਾਪ ਸਕਦੇ ਹਾਂ
ਅਜਿਹੇ ਖ਼ਤਰਨਾਕ ਨਾਨਕ ਤੋਂ ਬਹੁਤ ਚਾਲੂ ਹਾਂ ਅਸੀਂ
ਸਾਨੂੰ ਤਾਂ ਚਾਹੀਦੀ ਏ
ਖ਼ੈਰ
ਸੁੱਖ
ਸ਼ਾਂਤੀ

ਸਾਨੂੰ ਤਾਂ ਚਾਹੀਦੀਆਂ ਨੇ ਮਿੱਠੀਆਂ ਦਾਤਾਂ
ਵਧਦੀਆਂ ਵੇਲਾਂ
ਤੇ ਵੇਲਾਂ ਨੂੰ ਲਗਦੇ ਰੁਪੱਈਏ
ਸਾਨੂੰ ਤਾਂ ਸੋਭਾ ਸਿੰਘੀ ਮੂਰਤਾਂ ਵਾਲਾ
ਨਾਨਕ ਹੀ ਸੂਟ ਕਰਦਾ
ਸ਼ਾਂਤ
ਲੀਨ
ਲਕਸ਼ਮੀ ਦੇਵੀ ਵਾਂਗ ਉਠਾਇਆ ਆਸ਼ੀਰੀ ਹੱਥ
ਹੱਥ 'ਚੋਂ ਫੁੱਟਦੀ ਮਿਹਰ
ਤੇ ਅੱਖਾਂ 'ਚੋਂ ਡੁੱਲ੍ਹ ਡੁੱਲ੍ਹ ਪੈਂਦੀ ਕੋਮਲਤਾ
ਸੱਨ ਸਿਲਕੀ ਸ਼ਫ਼ਾਫ ਦਾਹੜੀ
ਗੋਲ਼ ਮਟੋਲ਼ ਗੋਰੀਆਂ ਗੁਲਾਬੀ ਗੱਲ੍ਹਾਂ
ਫੇਅਰ ਐਂਡ ਲਵਲੀ
ਸੁਰਖ਼ ਟਿਪਸੀ ਹੋਂਠ
ਮੁਲਾਇਮ ਜੈਮਿਨੀ ਪੈਰ
ਕੂਲ਼ੇ ਬਾਰਬੀ ਹੱਥ
ਪੈਗੰਬਰੀ ਵਸਤਰਾਂ ਦਾ ਏਰੀਅਲੀ ਨਿਖਾਰ

ਸਾਡੇ ਇਨ੍ਹਾਂ ਘਰਾਂ ਦੀਆਂ ਕੰਧਾਂ ਤੇ
ਨਾਨਕ ਦੇ ਸੋਭਾ ਸਿੰਘੀ ਚਿੱਤਰ ਹੀ ਟਿਕ ਸਕਦੇ
ਰਾਹਾਂ ਨੂੰ ਰੱਦ ਕੇ ਤੁਰਨ ਵਾਲੇ
ਖ਼ਤਰਨਾਕ ਨਾਨਕ ਦੀ ਅਸਲੀ ਤਸਵੀਰ ਦਾ ਭਾਰ
ਸਾਡੀ ਕੋਈ ਕੰਧ ਨਹੀਂ ਝੱਲ ਸਕਦੀ
ਮਾਫ਼ ਕਰਨਾ ਅਸੀਂ ਮਰ ਮਰ ਕੇ ਬਣਾਏ
ਘਰ ਨਹੀਂ ਢੁਆਉਣੇ
ਮਸਾਂ ਮਸਾਂ ਰੱਬ ਤੋਂ ਲਏ ਨਿਆਣੇ
ਹੱਥੋਂ ਨਹੀਂ ਗੁਆਉਣੇ
ਅਸੀਂ ਅਸਲੀ ਨਾਨਕ ਦੀ ਤਸਵੀਰ ਦਾ ਧਿਆਨ ਨਹੀਂ ਧਰ ਸਕਦੇ
ਮਾਫ਼ ਕਰਨਾ -

ਗੁਰਮੁਖ ਸਿੰਘ

ਗੁਰੂ ਨਾਨਕ ਫਲੋਰ ਮਿੱਲ ਵਾਲਾ ਸ: ਗੁਰਮੁਖ ਸਿੰਘ
ਗੁਰੂ ਨਾਨਕ ਦਾ ਬੜਾ ਸ਼ਰਧਾਵਾਨ ਹੈ
ਜਿਹੜੀ ਵੱਡੀ ਕੋਠੀ ਤੇ ਲਿਖਿਆ ਹੋਇਆ–
ਗੁਰੂ ਨਾਨਕ ਬਖਸ਼ਿਸ਼
ਉਹ ਉਸੇ ਦਾ ਮਕਾਨ ਹੈ
ਗੁਰੂ ਨਾਨਕ ਫਿਲਿੰਗ ਸਟੇਸ਼ਨ ਵੀ ਉਸਦਾ ਹੈ
ਪੈਸੇ ਨੂੰ ਪੈਸੇ ਦੀ ਖਿੱਚ ਹੈ

ਵੱਡਾ ਮੁੰਡਾ ਆਪਣੀ ਜਗ੍ਹਾ ਸੈੱਟ ਹੈ
ਗੁਰੂ ਨਾਨਕ ਬਿਲਡਰਜ਼ ਦਾ ਇਕੱਲਾ ਮਾਲਕ ਹੈ
ਤੇ ਛੋਟਾ
ਗੁਰੂ ਨਾਨਕ ਫਾਈਨਾਂਸ ਕੰਪਨੀ ਦਾ ਸੰਚਾਲਕ ਹੈ
ਅਗਲੀ ਪੀੜ੍ਹੀ ਵੀ ਲਾਇਕ ਹੈ ਸੋਹਣੀ ਚਲ ਪਈ ਹੈ
ਪੋਤਰੇ ਨੂੰ ਗੁਰੂ ਨਾਨਕ ਕਾਲਜ ਵਿਚ
ਪੇਡ ਸੀਟ ਮਿਲ ਗਈ ਹੈ

ਗੁਰਮੁਖ ਸਿੰਘ ਤੇ ਬੜੀ ਮਿਹਰ ਹੈ ਓਸ ਗੁਰੂ ਦੀ
ਜਿਹਨਾਂ ਪਿਉ ਦੀ ਕਮਾਈ ਵੀ ਗੁਆ ਛੱਡੀ
ਕੋਈ ਬਿਜ਼ਨੈਸ ਕਰਨ ਦੀ ਬਜਾਏ
ਭੁੱਖੇ ਸਾਧੂਆਂ ਨੂੰ ਰੋਟੀ ਖੁਆ ਛੱਡੀ
ਜੋ ਤੇਰਾ ਤੇਰਾ ਅਲ੍ਹਾਉਂਦੇ ਰਹੇ
ਤੇ ਮੋਦੀਖਾਨਾ ਲੁਟਾਉਂਦੇ ਰਹੇ
ਗਾਉਂਦੇ ਰਹੇ ਭਾਉਂਦੇ ਰਹੇ ਸੁਣਦੇ ਅਤੇ ਸੁਣਾਉਂਦੇ ਰਹ
ਬੱਚੇ ਨਾ ਕਿਧਰੇ ਸੈੱਟ ਕੀਤੇ
ਬਸ ਗੋਸ਼ਟੀਆਂ ਈ ਰਚਾਉਂਦੇ ਰਹੇ

ਤੁਸੀਂ ਪੁੱਛ ਸਕਦੇ ਹੋ
ਕਿ ਨਾਨਕ ਦੇ ਨਾਂ 'ਤੇ ਖੁਲ੍ਹੇ
ਮੋਦੀਖਾਨਿਆਂ ਦੇ ਮਾਲਕ
ਭਲਾ ਨਾਨਕ ਦੇ ਕੀ ਲਗਦੇ ਨੇ

ਗੁਰਮੁਖ ਸਿੰਘ ਤਾਂ ਏਨਾ ਜਾਣਦੈ
ਕਿ ਇਹ ਦੇਣ ਲੈਣ ਦਾ ਸਿੱਧਾ ਰਿਸ਼ਤਾ ਹੈ
ਇਕ ਪਾਸੇ ਅਥਾਹ ਸ਼ਰਧਾ ਹੈ
ਦੂਜੇ ਪਾਸਿਓਂ ਅਪਾਰ ਕ੍ਰਿਪਾ ਹੈ

ਨੁੱਕਰ ਤੋਂ ਵਿਚਕਾਰ

ਨਾਨਕ
ਬਾਬਾ ਨਾਨਕ
ਬਾਬਾ ਨਾਨਕ ਦੇਵ
ਬਾਬਾ ਨਾਨਕ ਦੇਵ ਜੀ
ਸ੍ਰੀ ਬਾਬਾ ਨਾਨਕ ਦੇਵ ਜੀਓ
ਸ੍ਰੀ ਬਾਬਾ ਨਾਨਕ ਦੇਵ ਸਾਹਿਬ ਜੀਓ
ਸ੍ਰੀ ਬਾਬਾ ਨਾਨਕ ਦੇਵ ਸਾਹਿਬ ਮਹਾਰਾਜ ਜੀਓ
ਧੰਨ ਧੰਨ ਸ੍ਰੀ ਬਾਬਾ ਨਾਨਕ ਦੇਵ ਸਾਹਿਬ ਮਹਾਰਾਜ ਜੀਓ

ਨੁੱਕਰ ਵਿਚ ਸੀ ਸ਼ਬਦ ਨਾਨਕ
ਆ ਰਿਹਾ ਵਿਚਕਾਰ

ਮੰਨਿਆ ਕਿ ਸ਼ਰਧਾਲੂ ਸ਼ਬਦੋ
ਸਭ ਤੁਹਾਡਾ ਉਪਕਾਰ
ਨਾਨਕ ਆ ਰਹੇ ਵਿਚਕਾਰ

ਅੱਗੇ ਚਾਰ ਪਿੱਛੇ ਚਾਰ
ਸ਼ਰਧਾ ਪੂਜਾ ਜੈ ਜੈਕਾਰ
ਨਾਨਕ ਘਿਰ ਗਏ ਵਿਚਕਾਰ

ਪਰ ਤੁਸੀਂ ਸ਼ਰਧਾਲੂ ਸ਼ਬਦੋ
ਹੋਰ ਕਰੋ ਉਪਕਾਰ
ਹੁਣ ਜ਼ਰਾ ਤਸ਼ਰੀਫ਼ ਰੱਖੋ
ਬੈਠੋ ਨਾਲ ਪਿਆਰ

ਖੜ੍ਹੋ ਨਾ ਝੁਰਮਟ ਮਾਰ
ਹੋਣ ਦਿਉ ਪਾਸਾਰ
ਚਹੁੰ ਤਰਫ਼ੋਂ ਜਲ਼ਦੇ ਜਗਤ ਨੂੰ
ਦੇਵੋ ਕਰਨ ਦੀਦਾਰ
ਨਾਨਕ ਪਹੁੰਚ ਗਏ ਵਿਚਕਾਰ

ਜ਼ੀਰੋ

ਅਸੀਂ ਜ਼ੀਰੋ ਦਾ ਅੰਕ ਈਜਾਦ ਕਰਨ ਵਾਲੀ
ਪ੍ਰਾਚੀਨ ਸੱਭਿਅਤਾ ਦੇ ਵਰਤਮਾਨ ਹਾਂ
ਸਾਰੇ ਪਾਸਿਆਂ ਤੋਂ ਬੰਦ ਜ਼ੀਰੋ
ਸਾਡਾ ਮੂਲ ਮੰਤਰ ਬਣਕੇ
ਸਾਡੇ ਖ਼ੂਨ ਵਿਚ ਊਂਘਦੀ ਹੈ
ਜਾਂ ਸਾਡੇ ਮੱਥੇ ਅੰਦਰ ਫਸੀ ਹੋਈ ਹੈ
ਜ਼ੀਰੋ ਕਿਸੇ ਵੀ ਆਕਾਰ ਦੀ ਹੋਵੇ
ਛੋਟੀ ਜਾਂ ਵੱਡੀ ਜਾਂ ਬਹੁਤ ਵੱਡੀ
ਜ਼ੀਰੋ ਹੀ ਰਹਿੰਦੀ
ਆਪਣਾ ਮੁੱਲ ਕੁਛ ਨਹੀਂ ਹੁੰਦਾ
ਜਿਸਦੇ ਮਗਰ ਲਗਦੀ
ਉਹ ਦਸ ਗੁਣਾ ਹੋ ਜਾਂਦਾ
ਚੌਕੇ ਮਗਰ ਲੱਗ ਕੇ
ਚੌਕੇ ਨੂੰ ਚਾਲੀ ਬਣਾਉਂਦੀ
ਸਾਤੇ ਮਗਰ ਲੱਗ ਕੇ ਸੱਤਰ ਬਣਾਉਂਦੀ

ਜ਼ੀਰੋ ਦੂਸਰਿਆਂ ਦੇ ਮਗਰ ਲੱਗਣ 'ਚ ਹੀ
ਆਪਣੀ ਟੌਹਰ ਸਮਝਦੀ
ਜ਼ੀਰੋ ਦਾ ਕਿਸੇ ਦੇ ਮੂਹਰੇ ਲੱਗਣ ਦਾ
ਕੋਈ ਅਰਥ ਨਹੀਂ ਹੁੰਦਾ
ਆਪਣੇ ਜ਼ੀਰੋ ਹੋਣ ਦਾ ਅਹਿਸਾਸ
ਸੁਰੱਖਿਅਤ ਰੱਖਣ ਵਾਲੇ ਅਸੀਂ
ਜ਼ੀਰੋ ਵਾਂਗ
ਦੂਸਰਿਆਂ ਦੇ ਮਗਰ ਲੱਗਣ ਗਿੱਝ ਗਏ ਹਾਂ
ਅਸੀਂ ਕਦੇ ਸੋਚਿਆ
ਕਿ ਖੱਬੇ ਪਾਸੇ ਵਾਲੇ
ਇਕ ਚਮਤਕਾਰੀ ਹਿੰਦਸੇ ਦੇ ਮਗਰ ਲੱਗ ਕੇ
ਵੱਡੀ ਰਕਮ ਬਣਾਂਗੇ
ਖੱਬੇ ਪਾਸੇ ਵਾਲਾ ਖ਼ੁਦ ਹੀ ਨਾ ਰਿਹਾ
ਤਾਂ ਅਸੀਂ ਰਹਿ ਗਏ ਇਕੱਲੇ ਛਟਪਟਾਉਂਦੇ ਜ਼ੀਰੋ ਦੇ ਜ਼ੀਰੋ

ਲੰਮੀਆਂ ਉਦਾਸੀਆਂ ਵਾਲੇ ਆਪਣੇ ਬਾਬੇ ਤੋਂ
ਉਦਾਂਸੀਆਂ ਦਾ ਵਰ ਨਹੀਂ ਮੰਗ ਸਕਦੇ
ਕਿਉਂਕਿ ਅਸੀਂ
ਜ਼ੀਰੋ ਵਰਗੀਆਂ ਗੋਲ ਪ੍ਰਕਰਮਾ ਤਾਂ ਕਰ ਸਕਦੇ ਹਾਂ
ਉਦਾਸੀਆਂ ਤੇ ਨਹੀਂ ਚੜ੍ਹ ਸਕਦੇ
ਆਕਾਸ਼ ਵਿਚ ਅਲਮਸਤ ਨਹੀਂ ਉੱਡ ਸਕਦੇ
ਪ੍ਰਵਾਜ਼ ਨਹੀਂ ਭਰ ਸਕਦੇ
ਉਪ ਗ੍ਰਹਿ ਵਾਂਗ
ਨਿਸ਼ਚਿਤ ਗੋਲ ਧਾਰੇ ਵਿਚ ਹੀ ਘੁੰਮ ਸਕਦੇ ਹਾਂ
ਸਾਡਾ ਮਾਰਗ ਤਾਂ ਹੋ ਸਕਦਾ ਜ਼ੀਰੋ ਵਰਗਾ
ਗੋਲ ਜਾਂ ਇਲੈਪਟੀਕਲ
ਜੋ ਭੂਤ ਓਹੀ ਭਵਿੱਖ
ਪੈਰਾਬੌਲਿਕ ਪਾਥ ਬਾਰੇ ਨਹੀ ਸੋਚ ਸਕਦੇ
ਸਾਨੂੰ ਅਨੰਤ ਵਿਸ਼ਾਲ ਭਵਿੱਖ ਤੋਂ ਡਰ ਲਗਦਾ ਹੈ

ਸਿਫ਼ਰ ਸੱਭਿਆਚਾਰ

ਜਦ ਕੋਈ ਆਖੇ -
ਮੇਰੇ ਅੰਡਰ ਏਨੇ ਬੰਦੇ
ਤਾਂ ਸਹੁੰ ਰੱਬ ਦੀ ਏਂਵੇਂ ਜਾਪੇ
1000000000 (ਸੌ ਕਰੋੜ) ਦੀ ਗਿਣਤੀ ਵਿਚੋਂ
ਜਿਉਂ ਇਕ ਸਿਫ਼ਰਾ ਸ਼ੇਖ਼ੀ ਮਾਰੇ -
ਮੈਂ ਇਕੱਲਾ ਸਿਫ਼ਰ ਨਾ
ਮੇਰੇ ਮਗਰ ਵੀ ਲੱਗੇ ਹੋਏ
ਦੇਖੋ ਕਿੰਨੇ ਸਿਫ਼ਰੇ

ਬਾਬੇ ਬਾਤ ਚਲਾਈ ਏਕੇ (੧) ਤੋਂ
ਕਿਉਂ ਨਾ
ਸਿਫ਼ਰ ਸੱਭਿਆਚਾਰ ਨੂੰ ਤੱਜੀਏ
ਆਪੋ ਆਪਣੇ ਥਾਂਵੀਂ
ਆਪਣੇ ਆਪ 'ਚ
ਸਾਰੇ ਏਕੇ ਹੋਈਏ

ਰੱਬ

ਨਿਰੀਆਂ ਵਸਤਾਂ ਦਾ ਰੱਬ ਵਸਤ ਹੈ
ਜਿਉਂਦਿਆਂ ਦਾ ਰੱਬ ਜਿਉਂਦਾ
ਮਸਤਾਂ ਦਾ ਰੱਬ ਮਸਤ ਹੈ
ਭੋਲ਼ੇ ਦਾ ਰੱਬ ਭੋਲ਼ਾ
ਚੁਸਤਾਂ ਦਾ ਰੱਬ ਚੁਸਤ ਹੈ

ਲੋਭੀ ਦਾ ਰੱਬ ਚੜ੍ਹਾਵੇਖੋਰਾ
ਦਇਆਵਾਨ ਦਾ ਰੱਬ ਦਿਆਲੂ
ਬਲੀਆਂ ਮੰਗਦਾ ਜ਼ਾਲਮ ਦਾ ਰੱਬ
ਮੇਹਰਬਾਨ ਦਾ ਰੱਬ ਕ੍ਰਿਪਾਲੂ

ਰੋਂਦੇ ਸੋ ਫਿਰਨ ਵਰਾਉਂਦੇ ਰੱਬ ਨੂੰ
ਹੱਸਦਿਆਂ ਦਾ ਰੱਬ ਆਪੇ ਰਾਜ਼ੀ

ਮਾੜੇ ਦਾ ਰੱਬ ਨਹੀਂ ਸੁਰੱਖਿਅਤ

ਜੈਸੀ ਜਿੰਦ ਤੈਸਾ ਗੋਬਿੰਦ
ਜੇਹੀ ਜਾਨ ਤੇਹਾ ਭਗਵਾਨ

ਸਭ ਕੋਈ ਰੱਬ ਹੈ ਆਪੇ
ਰੱਬ ਹੀ ਸਭ ਹੈ ਆਪੇ

ਹਰ ਕੋਈ ਹਰਿ ਹੈ
ਹਰ ਇਕ ਦਾ ਇਕ ਹਰਿ ਹੈ

ਛੋਟੇ ਬੰਦੇ ਦਾ ਰੱਬ ਛੋਟਾ
ਵੱਡੇ ਦਾ ਰੱਬ ਵੱਡਾ
ਸਭ ਤੇ ਵਡਾ ਸਤਿਗੁਰੁ ਨਾਨਕੁ
ਨਾਨਕ ਦਾ ਰੱਬ ਸਭ ਤੋਂ ਵੱਡਾ

ਰੁੱਖ ਰੋਮ

ਸਿੰਘ ਜੀ ਦੇ ਘਰ ਸਾਹਮਣੇ
ਸੜਕ ਦੇ ਦੂਜੇ ਪਾਰ
ਖੜ੍ਹਿਆ ਕਰੇਗੀ ਕਾਰ
ਜਿਥੇ ਅੱਜ ਕੱਲ੍ਹ ਖੜ੍ਹਾ ਹੈ ਇਕ ਬੀਬਾ ਰਾਣਾ ਰੁੱਖ
ਸਿੰਘ ਜੀ ਕਹਿੰਦੇ–
ਇਸ ਨੂੰ ਦੇਵੋ ਚੁੱਕ
ਕਰ ਦਿਉ ਇਹ ਥਾਂ ਸਾਫ਼
ਰੁੱਖ ਨੂੰ ਕਰੋ ਖਲਾਸ

ਨਿੱਕੀ ਜਿਹੀ ਗੱਲ ਤੇ ਰੁੱਖ ਦਾ ਕਤਲ?
ਸਿੰਘ ਜੀ, ਤੁਸੀਂ ਇੰਜ ਨਾ ਕਰੋ
ਰੋਜ਼ ਸਵੇਰੇ ਪੜ੍ਹਦੇ ਜਿਹੜੀ
ਬਾਣੀ ਦਾ ਜ਼ਰਾ ਧਿਆਨ ਧਰੋ–
''*ਮਾਤਾ ਧਰਤਿ ਮਹਤੁ*''
ਧਰਤੀ ਮਾਤ ਮਹਾਨ
ਜਿਉਂਦੀ ਜਾਨ
ਵੇਲਾਂ ਬੂਟੇ ਮਾਂ ਦੇ ਰੋਮ
ਵਣ ਤ੍ਰਿਣ ਇਹਦੇ ਕੇਸ
ਉਂਝ ਕੇਸਾਂ ਦੇ ਪ੍ਰਚਾਰਕ
ਪਰ ਏਨੀ ਕੁ ਗੱਲ ਲਈ ਰੁੱਖ ਦਾ ਕਤਲ?

ਧਰਤੀ ਮਾਂ ਦੀ ਹਿੱਕ ਤੇ ਖੜ੍ਹ ਕੇ
ਮੈਂ ਮੈਂ ਨਾ ਕਰੋ
ਸਿੰਘ ਜੀ, ਤੁਸੀਂ ਤਾਂ ਐਂ ਨਾ ਕਰੋ

ਸ਼ਬਦ ਪਦਾਰਥ

ਬੇਬੇ ਨਾਨਕੀ ਉਦਾਸ ਹੋਈ
ਬਾਬੇ ਨੂੰ ਯਾਦ ਕੀਤਾ
ਬਾਬਾ ਪਹੁੰਚਾ ਉਸੇ ਵਕਤ
ਕਿੰਨੀ ਲੰਮੀ ਉਮਰ ਉਸ ਬਾਬੇ ਦੀ

ਬਾਬੇ ਨੂੰ ਸੀ ਭੁੱਖ ਲੱਗੀ
ਰੋਟੀ ਦੀ ਲੋੜ ਸੀ
ਰੋਟੀ ਮਿਲੀ ਉਸੇ ਵਕਤ
ਕਿੰਨੀ ਥੋੜ੍ਹੀ ਉਮਰ ਸੀ ਉਸ ਰੋਟੀ ਦੀ

ਭਾਈ ਘਨ੍ਹੱਈਆ

ਠੰਢੇ ਮਿੱਠੇ ਜਲ ਦੀਆਂ
ਛਬੀਲਾਂ ਲਾਉਣ ਵਾਲੇ
ਜਾਂ
ਲੰਗਰ ਵਰਤਾਉਣ ਵਾਲੇ
ਕਿਸੇ ਸੇਵਕ ਜਥੇ ਦਾ ਮੈਂਬਰ ਨਹੀਂ ਸੀ ਭਾਈ ਘਨ੍ਹੱਈਆ
ਭਾਈ ਘਨ੍ਹੱਈਆ ਤਾਂ ਇਕੱਲਾ ਮਾਸ਼ਕੀ ਸੀ
ਗੁਰੂ ਦੀ ਫੌਜ ਤੋਂ ਵੱਖ ਸੀ
ਗੁਰੂ ਦਾ ਪਿਆਰਾ
ਬਹੁਤ ਪਿਆਰਾ ਸਿੱਖ ਸੀ
ਸਿੱਖ ਹਮੇਸ਼ਾ ਇਕੱਲਾ ਹੁੰਦਾ
ਇਕੱਲਾ ਸਿੱਖ ਹੀ ਸਵਾ ਲੱਖ ਹੁੰਦਾ
ਦੋ ਸਿੱਖ ਢਾਈ ਲੱਖ ਨਹੀਂ ਹੁੰਦੇ
ਤਿੰਨ ਸਿੱਖ ਪੌਣੇ ਚਾਰ ਲੱਖ ਨਹੀਂ ਹੁੰਦੇ

ਗੁਰੂ ਨੇ ਸੀਸ ਮੰਗਿਆ
ਇਕ ਪਾਸਿਓਂ ਇਕ ਸੀਸ ਉਠਿਆ
ਦਇਆ ਰਾਮ
ਗੁਰੂ ਨੇ ਫੇਰ ਸੀਸ ਮੰਗਿਆ
ਦੂਜੇ ਪਾਸਿਓਂ ਇਕ ਸੀਸ ਪੇਸ਼ ਹੋਇਆ
ਧਰਮ ਚੰਦ
ਸੀਸ ਹਮੇਸ਼ਾ ਇਕੱਲਾ ਹੁੰਦਾ
ਸਿਰਾਂ ਦੀਆਂ ਤਾਂ ਡਾਰਾਂ ਹੋ ਸਕਦੀਆਂ
ਸੀਸ ਦਾ ਬਹੁ ਬਚਨੀ ਸ਼ਬਦ ਨਹੀਂ ਹੁੰਦਾ

ਗੁਰੂ ਨੇ ਜਨੇਊ ਦੇ ਵੱਖਰੇ ਅਰਥ ਕੀਤੇ
ਭਾਈ ਘਨੱਈਆ ਗੁਰੂ ਦਾ ਉਪਦੇਸ਼ ਕਮਾਉਂਦਾ
ਉਸ ਆਪਣੀ ਕਿਰਪਾਨ ਦੇ
ਵੱਖਰੇ ਅਰਥ ਜਾਣੇ
ਗੁਰੂ ਨੇ ਘਨੱਈਏ ਨੂੰ ਕਿਰਪਾਨ ਸਜਾਉਂਦਿਆਂ
ਮੁਸਕਰਾਉਂਦਿਆਂ ਲਾਡ ਨਾਲ ਪੁੱਛਿਆ–
ਕੀ ਕਰੇਂਗਾ ਇਸ ਕਿਰਪਾਨ ਨਾਲ?
ਭੋਲੇ ਭਾਅ ਬੋਲਿਆ ਘਨੱਈਆ–
ਜਦੋਂ ਕੋਈ ਹਤਿਆਰਾ ਮੇਰੀ ਜਾਨ ਲੈਣ ਆਏਗਾ
ਮੈਂ ਕਹਾਂਗਾ–
ਪਿਆਰੇ, ਕਿਉਂ ਖੇਚਲ ਦਿੰਨਾਂ
ਆਪਣੀ ਦੁਸ਼ਮਣੀ ਦੀ ਤਲਵਾਰ ਨੂੰ
ਲੈ ਫੜ ਮੇਰੇ ਗੁਰੂ ਦੀ ਬਖ਼ਸ਼ੀ ਪਿਆਰ ਨਿਸ਼ਾਨੀ
ਮੇਰੀ ਜਾਨ ਏਸ ਦੀ ਧਾਰ ਤੋਂ ਜਾਵੇ
ਮੇਰੀ ਮੌਤ ਦਾ ਰਸਤਾ
ਗੁਰੂ ਦੇ ਪਿਆਰ ਚੋਂ ਜਾਵੇ

ਭਾਈ ਘਨੱਈਆ ਨਾ ਕ੍ਰਿਸ਼ਨ ਸੀ
ਨਾ ਸ੍ਰ: ਘਨੱਈਆ ਸਿੰਘ ਸੀ
ਭਾਈ ਘਨੱਈਆ ਤਾਂ ਬੱਸ ਭਾਈ ਘਨੱਈਆ ਸੀ

ਆਪਣੇ ਨਾਂ ਨੂੰ
ਆਪਣੇ ਕਕਾਰਾਂ ਨੂੰ
ਆਪਣੇ ਅਰਥ ਦੇਣ ਵਾਲਾ ਘਨੱਈਆ
ਗੁਰੂ ਨੂੰ ਤਾਂ ਬਹੁਤ ਅਜ਼ੀਮ ਸੀ
ਪਰ ਗੁਰੂ ਦੀ ਫੌਜ ਲਈ ਤੌਹੀਨ ਸੀ
ਇਕੱਲਾ ਸੀ ਪੂਰਾ ਸਵਾ ਲੱਖ ਸਿੱਖ ਸੀ
ਗੁਰੂ ਨਾਲ ਰੱਬ ਨਾਲ ਇੱਕ ਮਿੱਕ ਸੀ

ਸਟੀਫ਼ਨ ਹਾਕਿੰਗ

ਸ	ਟੀ	ਫ਼	ਨ
ਸਪੇਸ	ਟਾਈਮ	ਫ਼ਹਮ	ਨਛੱਤਰ
ਸੁਰਤਿ	ਟਿਕਾਉ	ਫ਼ੁਰਨਾ	ਨਦਰਿ
ਸਬਦ	ਟੇਕ	ਫ਼ਰਾਖ਼	ਨਿਰਖ
ਸਮਝ	ਟਿਕਟਿਕੀ	ਫ਼ਲਸਫ਼ਾ	ਨਜ਼ੂਮ
ਸਹਿਜ	ਟਾਵਾਂ	ਫ਼ਿਰੋਜ਼	ਨਿਮਰ

ਹਾਕਿੰਗ—

ਹਾਕ ਕਿੰਗ—

ਉਡਾਣ ਬਾਦਸ਼ਾਹਤ

ਤੂੰ ਜਦ ਸੋਚਦਾ
ਤਾਂ ਹਰ ਤਾਰਾ ਅਰਸ਼ ਦਾ
ਹਰ ਫੁੱਲ ਧਰਤ ਦਾ
ਤੇਰੀ ਵੀਲ੍ਹ ਚੇਅਰ ਦੇ ਪਹੀਆਂ ਨੂੰ
ਛੂਹ ਲੈਣਾ ਚੁੰਮ ਲੈਣਾ ਲੋਚਦਾ

ਤੂੰ ਨਾ ਬੋਲਦਾ
ਤੇਰੇ ਅੰਦਰ ਬ੍ਰਹਿਮੰਡ ਗਰਜਦਾ ਗੂੰਜਦਾ
ਕਈ ਕਰੋੜ ਸੂਰਜ
ਤੇਰੀ ਨਜ਼ਰ ਅੱਗਿਉਂ ਹਨੇਰ ਪੂੰਝਦਾ

ਤੂੰ ਨਾ ਤੁਰਦਾ
ਤੇਰੇ ਅੰਦਰ ਲੱਖਾਂ ਪ੍ਰਕਾਸ਼ ਵਰ੍ਹਿਆਂ ਦੀ ਯਾਤਰਾ
ਤੇਰਾ ਹਿੰਮ ਚਿੱਤ ਜਾਣਦਾ
ਸ੍ਰਿਸ਼ਟੀ ਦੇ ਪੂਰੇ ਤਾਪ ਦੀ ਮਾਤਰਾ

ਤੇਰੇ ਸਿਰ ਦਾ ਵੀ
ਧਰਤੀ ਵਾਂਗੂੰ ਇਕ ਪਾਸੇ
ਸਾਢੇ ਤੇਈ ਡਿਗਰੀ ਝੁਕਾਅ ਹੈ
ਸ਼ੁਰੂ ਦੇ ਪਹਿਲਾਂ ਤੋਂ
ਤੇ ਅੰਤ ਦੇ ਪਿੱਛੋਂ ਤੱਕ
ਤੇਰੀ ਨਜ਼ਰ ਅਥਾਹ ਹੈ

ਤੇਰੇ 'ਤੇ ਵੱਡੇ ਦੀ ਬਰਕਤ
ਮਹਾਂ ਜਗਿਆਸੂ
ਸ਼ਬਦ ਗੁਰੂ ਦਾ ਮਹਾਂ ਸ਼ਿਸ਼ ਹੈਂ
ਐਪਰ ਤੂੰ ਨਾ ਦਾਅਵਾ ਕਰਦਾ
ਕਿ ਤੂੰ
ਏਸ ਘੜੀ ਦਾ ਪਰਮ ਸਿੱਖ ਹੈਂ

ਮੁਕਤੇ

ਕਹਿਣ ਨੂੰ ਤਾਂ ਉਹ ਵੀ ਸਿੰਘ ਸਨ
ਜੋ ਬੇਦਾਵਾ ਲਿਖਣ ਬੈਠੇ ਸਨ
ਅੰਮ੍ਰਿਤ ਤਾਂ ਉਹਨਾਂ ਵੀ ਪੀਤਾ ਸੀ
ਪਰ ਮੁਫ਼ਤ ਪੀਤਾ ਸੀ
ਕੁਝ ਅਰਪਣ ਨਹੀਂ ਕੀਤਾ ਸੀ
ਜੋ ਬਿਜਲੀ ਕੜਕੀ ਤੇ ਕਹਿਣ ਲੱਗੇ–
          ਅਸੀਂ ਖੁੱਲ੍ਹੇ ਮੈਦਾਨ ਤੋਂ
          ਅਸਮਾਨ ਤੋਂ ਕੀ ਲੈਣਾ ਹੈ
          ਵਾਪਸ ਪਿੰਜਰਿਆਂ ਨੂੰ ਪਰਤਦੇ ਹਾਂ

ਕਹਿਣ ਨੂੰ ਤਾਂ ਉਹ ਵੀ ਸਿਰਦਾਰ ਸਨ
ਪਰ ਉਹਨਾਂ ਧੜਾਂ ਤੇ ਸਿਰ ਨਜ਼ਰ ਨਾ ਆਏ
ਲੁਕੇ ਹੋਏ ਗੁਰੂ ਦੇ ਕਰਜ਼ ਦੀਆਂ ਪੰਡਾਂ ਹੇਠ
ਪਹਿਨਣ ਨੂੰ ਤਾਂ ਕਕਾਰ ਉਹਨਾਂ ਵੀ ਪਹਿਨੇ ਸਨ
ਜੋ ਕਹਿ ਆਏ–
          ਅਸੀਂ ਤੇਰੇ ਸਿੱਖ ਨਹੀਂ

ਪਰ ਉਹਨਾਂ ਕੜਿਆਂ ਨੂੰ
ਚੂੜੀਆਂ ਨੱਕ ਬੁੱਲ੍ਹ ਕੱਢੇ ਸਨ
ਚੁੱਲ੍ਹਿਆਂ ਮੁੱਢ ਪਏ ਚਿਮਟਿਆਂ ਨੂੰ
ਉਹਨਾਂ ਕ੍ਰਿਪਾਨਾਂ ਦੇ ਲੋਹੇ ਦੀ ਕਿਸਮਤ 'ਤੇ
ਬੜਾ ਤਰਸ ਆਇਆ ਸੀ
ਉਹਨਾਂ ਕੰਘਿਆਂ 'ਤੇ
ਕੈਂਚੀਆਂ ਖਚਰਾ ਹੱਸੀਆਂ ਸਨ
ਮਾਸੂਮ ਬਾਲਾਂ ਦੇ ਨੰਗੇਜ਼ ਨੂੰ
ਉਹ ਕਛਹਿਰੇ ਬੜੇ ਅਸ਼ਲੀਲ ਲੱਗੇ ਸਨ
ਕਕਾਰ ਤਾਂ ਉਹਨਾਂ ਵੀ ਪਹਿਨੇ ਸਨ

ਗੁਰੂ ਤੋਂ ਬੇਮੁੱਖ ਹੋਏ ਜੋ
ਘਿਰ ਗਏ
ਟਿੱਚਰਾਂ, ਤਰਸਾਂ, ਸ਼ਰਮਸਾਰੀਆਂ, ਖਚਰੇ ਹਾਸਿਆਂ, ਇਲਜ਼ਾਮਾਂ ਵਿਚਾਲੇ
ਸਿਰਾਂ ਤੇ ਕਰਜ਼ ਦੀਆਂ ਪੰਡਾਂ ਸਨ
ਐਸਾ ਬੋਝ ਤਾਂ ਗੁਰੂ ਦੇ ਹਜ਼ੂਰ ਲਹਿੰਦਾ ਹੈ
ਸੀਸ ਭੇਟ ਕਰਨਾ ਪੈਂਦਾ ਹੈ

ਢਾਬ ਤੇ ਗੁਰੂ ਦਰਬਾਰ ਸਜਿਆ
ਟਿੱਬੀ ਤੇ ਗੁਰੂ ਸੁਸ਼ੋਭਿਤ ਸੀ
ਇਥੇ ਸਿਰਾਂ ਦੀ ਭੇਟ ਹੋਈ
ਸਿਰਾਂ ਦੇ ਨਾਲ ਹੀ ਲੱਥਾ
ਸਿਰੀਂ ਜੋ ਕਰਜ਼ ਚੜ੍ਹਿਆ ਸੀ

ਲਹਿਣੇਦਾਰ ਕਦੇ ਕਰਜ਼ੇ ਦੇ ਕਾਗਜ਼ ਨਹੀਂ ਗੁਆਉਂਦੇ
ਕਰਜ਼ੇ ਦਾ ਕਾਗਜ਼ ਪਾਟਾ ਕਰਜ਼ ਮੁਕਤ ਹੋਏ ਨੇ
ਮੁਕਤੇ ਹੋਏ ਨੇ
ਗੁਰੂ ਗੋਦ ਦਾ ਨਿੱਘ ਮਿਲਿਆ ਹੈ
ਕਕਾਰ ਗੁਰੂ ਦਾ ਪਿਆਰ ਹੋਏ ਨੇ
ਚਾਲ਼ੀ ਉਹਨਾਂ ਪੰਜਾਂ ਨਾਲ ਖਲੋਏ ਨੇ
ਜਿਹਨਾਂ ਅੰਮ੍ਰਿਤ ਲਈ
ਸੀਸ ਭੇਟ ਕੀਤਾ ਸੀ
ਕਹਿਣ ਨੂੰ ਤਾਂ ਇਹ ਓਦੋਂ ਵੀ ਸਿਰਦਾਰ ਸਨ
ਜਦ ਅੰਮ੍ਰਿਤ ਮੁਫ਼ਤ ਪੀਤਾ ਸੀ
ਕਹਿਣ ਨੂੰ ਤਾਂ ਓਦੋਂ ਵੀ ਸਿੰਘ ਸਨ
ਜਦ ਪਿੰਜਰਿਆਂ ਨੂੰ ਪਰਤੇ ਸਨ
ਪਹਿਨਣ ਨੂੰ ਓਦੋਂ ਵੀ ਕਕਾਰ ਪਹਿਨੇ ਸਨ

ਪਰ ਗੱਲ ਕਹਿਣ ਦੀ ਨਹੀਂ ਹੁੰਦੀ
ਗੱਲ ਨਿਰੀ ਪਹਿਨਣ ਦੀ ਨਹੀ ਹੁੰਦੀ

ਸਿਧਾਰਥ

ਉਹ ਬੜੀ ਛੇਤੀ
ਸ਼ੋਰ ਨਾਲ ਭਰ ਗਿਆ

ਜਦ ਅੰਦਰਲੇ ਸ਼ੋਰ ਨੂੰ
ਧਿਆਨ ਦਾ ਜਾਗ ਲਾ ਕੇ ਬੈਠਿਆ
ਅੰਦਰਲਾ ਸਾਰਾ ਸ਼ੋਰ
ਨਿੱਤਰੀ ਚੁੱਪ ਬਣ ਗਿਆ
ਉਹ ਬੁੱਧ ਹੋ ਗਿਆ

ਚੁੱਪ ਸਮੁੰਦਰ ਜਹੀ ਪਸਰੀ
ਚੁੱਪ ਨੂੰ ਸਾਰੇ ਰੰਗ ਦਿਸੇ ਪਾਰਦਰਸ਼ੀ
ਚੁੱਪ ਨੂੰ ਸਭ ਸ਼ਬਦਾਂ ਦਾ ਇੱਕੋ ਅਰਥ ਜਾਪਿਆ
ਤੇ ਸਭ ਅਰਥ ਜਾਪੇ ਇੱਕੋ ਸ਼ਬਦ ਦੇ
ਚੁੱਪ ਨੂੰ
ਹਰ ਬਿੰਦੂ 'ਚ ਦਿਸਿਆ ਬ੍ਰਹਿਮੰਡ
ਤੇ ਪੂਰਾ ਬ੍ਰਹਿਮੰਡ ਜਾਪਿਆ ਬਿੰਦੂ ਵਾਂਗ
ਚੁੱਪ ਨੇ ਹਾਸੜ ਸੁਣੀ
ਤਾਂ ਮੁਸਕਰਾਈ
ਵਿਰਲਾਪ ਸੁਣਿਆਂ
ਤਾਂ ਮੁਸਕਰਾਈ
ਚੁੱਪ ਦੇ ਤਲ ਤੋਂ
ਕਵਿਤਾ ਚੁੱਪ ਕੀਤੀ ਬੁਲਬੁਲੇ ਵਾਂਗ ਉਪਜੀ
ਚੁੱਪ ਦੇ ਤਲ ਤੇ ਤੈਰੀ
ਕੋਈ ਲੀਕ ਨਾ ਵਾਹੀ
ਉਹ ਸ਼ਬਦ ਹੋ ਗਿਆ

ਕੰਪੀਟੀਸ਼ਨ

ਤਨਾਂ ਮਨਾਂ ਦਾ ਭੁੱਖ ਨਾਲ
ਰਿਸ਼ਤਾ ਆਦਿ ਅਟੁੱਟ।
ਭੁੱਖ ਨੂੰ ਇਕ ਸਰਾਪ ਕਿ
ਰਹਿਣਾ ਏਸ ਅਮੁੱਕ॥

ਭੁੱਖ ਨੂੰ ਪੂਰਨ ਖਾਤਰ ਆਪਣੀ
ਮਿੱਟੀ ਪੱਟਦੇ
ਖਾਕ ਛਾਣਦੇ
ਖੇਹ ਉਡਾਉਂਦੇ ਲਗਾਤਾਰ
ਦੂਣ ਸਵਾਈ ਹੁੰਦੀ ਭੁੱਖ

ਅੱਗ ਨਾਲ ਪੱਕਦੀ ਰੋਟੀ ਬੋਟੀ
ਅੱਗ ਬਲ਼ਦੀ ਹੈ ਸਾਰੇ ਪਾਸੇ
ਧਰਤੀ ਤਪੇ ਚੁਫੇਰਾ ਤਪਦਾ
ਰੋਟੀ ਬੋਟੀ ਸੇਕਦਿਆਂ

ਖੋਹਾ ਖਿੱਚੀ ਹੁੰਦੀ
ਖਿਲਰਦੇ ਚੰਗਿਆੜੇ
ਪੈਂਦਾ ਚੀਆ ਵੱਟ
ਪੈਂਦੀ ਸਿਰੀਂ ਸੁਆਹ
ਆਉਂਦਾ ਨਾਸੀਂ ਧੂੰਆਂ

ਵਧ ਰਿਹਾ ਪ੍ਰਦੂਸ਼ਨ
ਧੂੜ ਧੂੰਆਂ ਧੁੱਪ ਧੱਕੇ

ਗੁਰਦੁਆਰਾ ਨਗਰ ਦਾ
ਘਿਰਿਆ ਹੈ ਵਿਚ ਸ਼ੋਰ
ਦੁਧੀਆ ਗੁੰਬਦ ਏਸ ਦਾ
ਕਾਲਾ ਮਟਮੈਲਾ ਹੋ ਰਿਹਾ

ਦਿੱਤੀ ਮੌਸਮ ਮਹਿਕਮੇ
ਏਸ ਤਰ੍ਹਾਂ ਦੀ ਖ਼ਬਰ
ਅਗਲੇ ਦਿਨਾਂ ਵਿਚ ਵੀ
ਨਾ ਬਾਰਸ਼ ਸਕਦੀ ਹੋ
ਧੂੜ ਭਰੀਆਂ ਨ੍ਹੇਰੀਆਂ
ਤੇ ਲੂੰਆਂ ਨੇ ਚੱਲਣਾ
ਹੋਰ ਵਧੇਗਾ ਤਾਪਮਾਨ ਤੇ
ਮੌਸਮ ਖੁਸ਼ਕ ਹੀ ਰਹੇਗਾ

ਬਾਰਸ਼ ਜਦ ਤੱਕ ਧੋ ਨਹੀਂ ਦਿੰਦੀ
ਗੁਰਦੁਆਰੇ ਦਾ ਦੁਧੀਆ ਗੁੰਬਦ
ਹੁੰਦਾ ਰਹੇਗਾ ਹੋਰ ਵੀ ਕਾਲਾ

ਵਧ ਰਿਹਾ ਪ੍ਰਦੂਸ਼ਨ
ਧੂੜ ਧੂੰਆਂ ਧੁੱਪ ਧੱਕੇ

ਪਵਣੁ ਗੁਰੂ

ਅਨੰਤ ਸੁਆਸ ਅਨੰਤ ਅਗਨ
ਅਨੰਤ ਗਤੀ ਅਨੰਤ ਜੀਵਨ



ਰੁੱਖ ਪੱਤੇ ਅਨੰਤ
ਬੇਲ ਬੂਟੇ ਬੇਅੰਤ

ਆਦਮੀ

ਇਹ ਜੋ ਆਦਮੀ ਹੈ ਆਦਮੀ ਦਾ ਪਰਿਵਾਰ ਹੈ
ਆਦਮੀ ਦੀ ਦੇਸ਼ ਭਗਤੀ ਹੈ ਮਾਨਵ ਪਿਆਰ ਹੈ
ਇਹ ਸਭ ਆਦਮੀ ਦੀ ਹਉਂ
ਅਤੇ ਗਉਂ ਦਾ ਵਿਸਥਾਰ ਹੈ


ਸ੍ਰਿਸ਼ਟੀ ਵਿਚ ਇਕ ਫੁਕਰਾ ਜੀਵ ਹੈ
ਨਾਮ ਜਿਸਦਾ ਆਦਮੀ
ਸਰਬ ਸ੍ਰੇਸ਼ਟ ਸਮਝਦਾ ਆਪਣੇ ਆਪ ਨੂੰ
ਸਾਰੇ ਜੀਵਾਂ ਦਾ ਚੌਧਰੀ ਦਸਦਾ
ਆਪਣੇ ਚਿਤੋਂ ਸਵੱਛ ਭੋਜਨ ਖਾਂਦਾ
ਮਲ ਤਿਆਗਦਾ
ਸਵੱਛ ਹਵਾ ਦਾ ਸਾਹ ਲੈਂਦਾ
ਗੰਦੀ ਹਵਾ ਛੱਡਦਾ ਆਪਣੇ ਚਿਤੋਂ


ਬਾਬੂ ਬੌਸ ਤੋਂ
ਆਦਮੀ ਰੱਬ ਤੋਂ

ਡਰਦਾ ਝੇਪ ਖਾਂਦਾ
ਸਰ ਸਰ ਯੈਸ ਸਰ ਯਾ ਮੇਰੇ ਪਰਵਰਦਿਗਾਰ
ਸੌਰੀ ਸਰ ਸੌਰੀ ਸਰ ਮੈਂ ਪਾਪੀ ਤੂੰ ਬਖਸ਼ਣਹਾਰ
ਦੂਸਰਿਆਂ ਤੇ ਸਵਾਰੀ ਕਰਨ ਦਾ
ਰਿਆਇਤੀ ਅਧਿਕਾਰ ਲੈਣ ਲਈ
ਕਰਦਾ ਖੁਸ਼ਾਮਦ ਆਕਾ ਦੀ
ਆਦਮੀ ਦੂਸਰੇ ਜੀਵਾਂ ਨੂੰ
ਆਪਣੇ
ਗੁਲਾਮ ਸੇਵਕ ਗਰਜ਼ਵਾਨ ਸਮਝਦਾ
ਉਹਨਾਂ ਤੇ
ਮਿਹਰ ਕਰਦਾ ਹੁਕਮ ਚਾੜ੍ਹਦਾ
ਹਮਦਰਦੀ ਕਰਦਾ ਦੁਰਕਾਰਦਾ
ਬਖਸ਼ਦਾ
ਵਰਤਦਾ ਪੁਚਕਾਰਦਾ
ਆਪਣੀ ਪੁਗਾਉਂਦਾ

ਆਦਮੀ ਗਿਲਝ ਨੂੰ
(ਆਪਣਾ) ਸਫ਼ਾਈ ਕ੍ਰਮਚਾਰੀ ਕਹਿ ਵਡਿਆਉਂਦਾ
ਇੰਜ ਨਾ ਸੋਚਦਾ ਆਦਮੀ
ਕਿ ਉਹ ਰੁੱਖਾਂ ਦੁਆਰਾ ਛੱਡੀ
ਗੰਦੀ ਹਵਾ ਖਾਂਦਾ
ਉਹਨਾਂ ਲਈ ਸਾਫ਼ ਹਵਾ ਕੱਢਦਾ
ਕਿ ਉਸਦੀ ਖ਼ੁਰਾਕ ਤਾਂ ਦੂਸਰਿਆਂ ਦੇ ਮਲ ਤੋਂ ਪੈਦਾ ਹੁੰਦੀ
ਕਿ ਰੁੱਖਾਂ ਕੋਲ ਜੇ ਸ਼ਬਦ ਹੁੰਦੇ
ਉਹਨਾਂ ਆਦਮੀ ਦਾ ਨਾਂ
ਗਿਲਝ ਸੂਰ ਜਾਂ ਕੁਝ ਹੋਰ ਰੱਖਣਾ ਸੀ
ਰੁੱਖਾਂ ਨੇ ਆਦਮੀ ਦੇ ਖ਼ਤਮ ਹੋਣ ਦਾ
ਗਿਲਝਾਂ ਦੇ ਖਤਮ ਹੋਣ ਵਾਂਗ
ਫ਼ਿਕਰ ਕਰਨਾ ਸੀ

ਖਾਹੀ ਖਾਹਿ





ਘੋੜਾ ਸੂਰਜ ਰਥ ਜਲ
ਅਨੰਤ ਚੱਕਰ ਚਲ ਸੋ ਚਲ

ਮਾਤਾ ਧਰਤਿ

ਸੂਰਜ ਕਾਰਨ ਦਿਨ ਤੇ ਰਾਤ
ਸੂਰਜ ਕਾਰਨ ਮੀਂਹ ਬਰਸਾਤ

ਸੂਰਜ ਕਾਰਨ ਧੁੱਪ ਦਾ ਮਾਨਣ
ਸੂਰਜ ਕਾਰਨ ਚੰਨ ਦਾ ਚਾਨਣ

ਸੂਰਜ ਕਾਰਨ ਜੁੱਸੇ ਤੱਗਣ
ਸੂਰਜ ਕਾਰਨ ਦਰਿਆ ਵੱਗਣ

ਸੂਰਜ ਕਾਰਨ ਕੋਇਲ ਕੂਕੇ
ਸੂਰਜ ਕਾਰਨ ਸਾਗਰ ਸੂਕੇ

ਸੂਰਜ ਕਾਰਨ ਹੀ ਫੁੱਲ ਖਿੜਦਾ
ਸੂਰਜ ਕਾਰਨ ਹੀ ਖੂਹ ਗਿੜਦਾ

ਸੂਰਜ ਕਾਰਨ ਹੀ ਅੱਗ ਚੁੱਲ੍ਹੇ
ਸੂਰਜ ਕਾਰਨ ਹਵਾ ਦੇ ਬੁੱਲੇ

ਸੂਰਜ ਬਿਜਲੀ ਡੀਜ਼ਲ ਕੋਲ
ਸੂਰਜ ਤੋਂ ਗੈਸ ਪੈਟਰੋਲ

ਸੂਰਜ ਕਾਰਨ ਜਾਗਣ ਸੌਣ
ਸੂਰਜ ਕਾਰਨ ਨੱਚਣ ਗੌਣ

। । । ।
। । । ।
। । । ।
। । । ।

ਸੂਰਜ ਸਤਰੰਗੀ ਦੇ ਰੰਗ
ਸੂਰਜ ਕਾਰਨ ਲਹਿਰ ਤਰੰਗ

ਸੂਰਜ ਕਾਰਨ ਅੰਬਰ ਨੀਲਾ
ਸੂਰਜ ਕਾਰਨ ਏਨੀ ਲੀਲ੍ਹਾ


ਐਪਰ ਧਰਤੀ ਮਾਂ ਕਾਰਨ ਹੀ
ਸੂਰਜ ਬਣਦਾ ਹੈ ਮਹਾਂਬਾਪ
ਜੇਕਰ ਮਾਂ ਦੀ ਕੁੱਖ ਨਾ ਹੋਵੇ
ਕੌਣ ਪਿਉ ਕਿਸ ਦਾ ਪਰਤਾਪ
ਯੁਗਾਂ ਯੁਗਾਂ ਤੋਂ ਤਪਣ ਖਪਣ ਦਾ
ਪਹਾਂ ਮਰਦ ਨੂੰ ਮਹਾਂ ਸਰਾਪ

ਦਿਵਸੁ ਰਾਤਿ

ਰਾਤ ਦੀ ਕੁੱਖੋਂ ਪੈਦਾ ਹੁੰਦਾ
ਚਹਿਕਦਾ
ਮਹਿਕਦਾ
ਟਹਿਕਦਾ
ਸੁਨਹਿਰੀ ਦਿਨ
ਵਕਤ ਨਾਲ ਦਿਨ ਵੱਡਾ ਹੁੰਦਾ
ਮਾਂ ਤੋਂ ਦੂਰ ਜਾਈ ਜਾਂਦਾ
ਥਾਂ ਕੁਥਾਂ ਭਟਕਦਾ
ਸੌ ਪਾਪੜ ਵੇਲਦਾ
ਕਈ ਕੁਫ਼ਰ ਤੋਲਦਾ
ਟੱਕਰਾਂ ਮਾਰਦਾ
ਥੱਕਦਾ ਹੰਭਦਾ ਟੁੱਟਦਾ
ਮੂੰਹ ਲਟਕਾਈ
ਸ਼ਾਮ ਦੇ ਦੁਆਰੇ ਪਹੁੰਚਦਾ
ਸਾਹ ਮੰਗਦਾ
ਪਨਾਹ ਮੰਗਦਾ

ਸ਼ਾਮ ਬਾਹਾਂ ਦੇ ਬੂਹੇ ਖੋਹਲਦੀ
ਡਿੱਗਦੇ ਨੂੰ ਬੋਚਦੀ
ਬੁੱਕਲ 'ਚ ਸਾਂਭਦੀ
ਮੱਥਾ ਪੂੰਝਦੀ
ਕੇਸਾਂ 'ਚ ਕੂਲ਼ੀਆਂ ਉਂਗਲਾਂ ਦੀ
ਕੰਘੀ ਫੇਰਦੀ
ਬੁਲ੍ਹਾਂ ਨਾਲ ਅੱਖਾਂ ਚੁੰਮਦੀ
ਅੱਖਾਂ ਨਾਲ ਪੂਰੀ ਕਾਇਆ ਨੂੰ ਪਿਆਰਦੀ
ਤਾਰਿਆਂ ਦੀ ਚੁੰਨੀ ਓੜਦੀ
ਚੰਨ ਦਾ ਟਿੱਕਾ ਲਾਉਂਦੀ
ਦਿਨ ਨੂੰ ਆਪਣੇ ਰੰਗ 'ਚ ਰੰਗਦੀ
ਅੰਗਾਂ ਨੂੰ ਅੰਗਦੀ
ਕੁਆਰੀ ਸ਼ਾਮ ਰਾਤ ਸੁਹਾਗਣ ਬਣਦੀ
ਲੋਅ ਨੂੰ ਕੁੱਖ 'ਚ ਸਾਂਭਦੀ
ਦਿਨ ਠੰਢਾ ਸ਼ਾਂਤ ਹੋ ਜਾਂਦਾ
ਉਸਦੀ ਲੀਲ੍ਹਾ ਖ਼ਤਮ ਹੁੰਦੀ
ਅੱਖਾਂ ਮੀਟ ਲੈਂਦਾ
ਰਾਤ ਉਦਾਸ ਹੁੰਦੀ
ਨਿਰਾਸ਼ ਨਾ ਹੁੰਦੀ
ਲੋਰੀ ਗਾਉਂਦੀ ਕੁੱਖ ਨੂੰ ਪਲੋਸਦੀ
ਪੁੱਤ ਜੰਮਦੀ ਪਰ ਖ਼ੁਦ ਨਾ ਰਹਿੰਦੀ
ਕੂਲ਼ਾ ਗੋਰਾ ਦਿਨ ਚੜ੍ਹਦਾ
ਦਗਦਾ ਮਘਦਾ
ਵੱਡਾ ਹੁੰਦਾ
ਥਾਂ ਕੁਥਾਂ ਭਟਕਦਾ
ਸੌ ਪਾਪੜ ਵੇਲਦਾ
- - - - - -
- - - - - -
ਨਿਰਾ ਪਿਉ ਤੇ ਜਾਂਦਾ

ਪਾਣੀ ਪਿਤਾ



ਖਵਾਜਾ


ਪਾਣੀ

ਜਲ

ਧਰਤੀ ਸੂਰਜ ਝੂਟੇ ਮਾਟੇ
ਅਮੁੱਕ ਚੱਕਰ ਚੱਲ ਸੋ ਚਲ

ਮੀਂਹ

ਹਰੇਕ ਕਣੀ ਅੰਦਰ ਹੁੰਦਾ ਮੀਂਹ
ਮੀਂਹ ਅੰਦਰ ਅਸੰਖ ਕਣੀਆਂ
ਮੀਂਹ ਦੇ ਅਰਥ ਕਣੀਆਂ ਜਿੰਨੇ
ਮੀਂਹ ਮਾਰ ਮੀਂਹ ਮਲਹਾਰ
ਮੀਂਹ ਮਿਹਰ ਮੀਂਹ ਮਨੋਹਰ
ਮੀਂਹ ਮੇਘ ਮੀਂਹ ਮੌਸਮ
ਮੀਂਹ ਮਸਤੀ ਮੀਂਹ ਮਰਜ਼ੀ
ਮੀਂਹ ਮੋਹ ਮੀਂਹ ਮੋਰ
ਮੀਂਹ ਮੌਜ ਮੀਂਹ ਮੌਤ
ਮੀਂਹ ਮੰਨਤ ਮੀਂਹ ਮੁਸੀਬਤ
ਮੀਂਹ ਮੂਲ ਮੀਂਹ ਮੌਲ਼
ਮੀਂਹ ਮੰਗਲ ਮੀਂਹ ਮੁਸ਼ਕਲ
ਮੀਂਹ ਮੱਛਰ ਮੀਂਹ ਮੁਕੱਦਰ
ਮੀਂਹ ਮਿਲਾਪ ਮੀਂਹ ਮਿਠਾਸ
ਮੀਂਹ ਮਹਿਮਾ ਮੀਂਹ ਮਮਤਾ
! ! ! !
! ! ! !
ਮੀਂਹ ! ਮੀਂਹ !
! ! ! !
ਮੀਂਹ ਮੇਂਡਕ ਮੀਂਹ ਮਹਿਕ
ਮੀਂਹ ਮਾਤਮ ਮੀਂਹ ਮਹਾਤਮ
ਇਕ ਸ਼ਬਦ ਤੋਂ ਹਰੇਕ ਸ਼ਬਦ
ਹਰੇਕ ਸ਼ਬਦ 'ਚ ਅਨੇਕ ਸ਼ਬਦ



ਬੱਚਾ

ਬੱਚਾ
ਘਰ ਦਾ ਇਕ ਜੀਅ ਹੀ ਨਹੀਂ ਹੁੰਦਾ
ਸਾਰੇ ਜੀਆਂ ਦੀ ਜਾਨ ਹੁੰਦਾ
ਬੱਚਾ ਜਦੋਂ ਘਰ ਹੁੰਦਾ
ਇਕ ਕਮਰੇ 'ਚ ਹੀ ਨਹੀਂ ਹੁੰਦਾ
ਘਰ ਦੇ ਕੋਨੇ ਕੋਨੇ

ਤੇ ਕਣ ਕਣ 'ਚ ਹੁੰਦੈ ਬੱਚਾ
ਜੋ ਸਭ ਚੀਜ਼ਾਂ ਚੋਂ ਚਮਕਦਾ
ਸਭ ਵਸਤਾਂ 'ਚ ਵਸਦਾ
ਟੀ.ਵੀ. 'ਚ–ਟਰੰਕ 'ਚ
ਮੇਜ਼ਾਂ–ਮੰਜਿਆਂ 'ਚ
ਕਿਤਾਬਾਂ–ਕੁਰਸੀਆਂ 'ਚ
ਪਰਦਿਆਂ–ਪੱਖਿਆਂ 'ਚ
ਬਿਸਤਰਾਂ–ਬਰਤਣਾਂ 'ਚ

ਬੱਚੇ ਨਾਲ
ਘਰ ਸਾਹ ਲੈਂਦਾ
ਕੰਧਾਂ ਧੜਕਦੀਆਂ
ਛੱਤਾਂ ਛਣਕਦੀਆਂ
ਤੇ ਖਿੜਕੀਆਂ ਹੱਸਦੀਆਂ

ਬੱਚਾ ਜਦੋਂ ਬਿਮਾਰ ਹੁੰਦਾ
ਪੂਰਾ ਘਰ ਬਿਮਾਰ ਹੁੰਦਾ

ਬੱਚੇ ਬਿਨਾਂ
ਰਾਤੀਂ ਚੰਦ ਨਹੀਂ ਚੜ੍ਹਦਾ
ਤਾਰੇ ਨਾ ਟਿਮਟਿਮਾਉਂਦੇ
ਘਾਹ ਤੇ ਤਰੇਲ ਨਹੀਂ ਪੈਂਦੀ
ਵਿਹੜੇ 'ਚ ਧੁੱਪ ਨਹੀਂ ਖਿੜਦੀ

ਘਰਾਂ ਨੂੰ ਵਸਣ ਲਈ
ਬੰਦਿਆਂ ਨੂੰ ਰਸਣ ਲਈ
ਬੱਚਿਆਂ ਦਾ ਸਾਥ ਚਾਹੀਦਾ
ਜਾਂ ਫਿਰ ਬੰਦਾ ਖ਼ੁਦ ਹੀ
ਬੱਚਿਆਂ ਵਰਗਾ ਆਪ ਚਾਹੀਦਾ

ਭਾਣਾ

ਕਿੰਨਾ ਚੰਗਾ ਹੁੰਦਾ ਏ
ਬਿਮਾਰ ਹੋਣਾ
ਬਿਸਤਰ ਤੇ ਪੈਣਾ
ਤਪਦਿਆਂ ਹੜ੍ਹਦਿਆਂ ਦੇ
ਛਾਂਵੇਂ ਸਾਹ ਲੈਣ ਵਾਂਗ
ਪਿੱਛੇ ਉੜਦੀ ਧੂੜ ਨੂੰ
ਤੇ ਅਗਲੇ ਰਾਹ ਨੂੰ ਨਿਹਾਰਨਾ
ਰਾਤੀਂ ਸੁੱਤੇ ਪਏ ਘਰ ਦੇ ਜੀਆਂ ਦੇ
ਸਹਿਜ ਤੇ ਮਾਸੂਮ ਚਿਹਰੇ
ਨਸ਼ਿਆ ਦਿੰਦੇ ਰਾਤ ਨੂੰ
ਸਾਹਾਂ ਹੂੰਗਿਆਂ ਹਟਕੋਰਿਆਂ 'ਚੋਂ
ਛਲਕਦੀ ਏ ਪਾਰਦਰਸ਼ੀ ਕਵਿਤਾ
ਉਪਰ ਤਣੀ ਰਿਸ਼ਤਿਆਂ ਦੀ ਚਾਦਰ ਦੀਆਂ
ਰੰਗੀਨ ਡੱਬੀਆਂ
ਤੇ ਟਾਂਵੀਆਂ ਟਾਂਵੀਆਂ ਮੋਰੀਆਂ ਨੂੰ
ਹੁੰਦਾ ਏ ਗਿਣਨ ਮਿਣਨ ਦਾ ਸਮਾਂ
ਤੇ ਢੋਅ ਹੁੰਦਾ ਏ
ਆਪਣੇ ਆਪ ਨੂੰ ਲਾਗੇ ਹੋ ਮਿਲਣ ਦਾ
ਆਪਣੇ ਮਨ ਦੀ ਨਗਨਤਾ ਨੂੰ ਮਾਨਣ ਦਾ
ਬਿਮਾਰ ਹੋਣਾ
ਬਿਸਤਰ ਤੇ ਪੈਣਾ
ਕਿੰਨਾ ਚੰਗਾ ਹੁੰਦਾ

ਬੂਹੇ

ਮੋਹ ਮੁਹੱਬਤ ਪਿਆਰ ਮਮਤਾ ਦੋਸਤੀ
ਇਹਨਾਂ ਨਾਲ ਰਿਸ਼ਤਿਆਂ ਦੀ ਰਿਸ਼ਤਗੀ

ਬਾਪੂ -- ਮੋਹ = ਬੁੜ੍ਹਾ
ਭਰਾ – ਪਿਆਰ = ਸ਼ਰੀਕ
ਪਤੀ – ਦੋਸਤੀ = ਮਰਦ
ਪਤਨੀ – ਮੁਹੱਬਤ = ਔਰਤ
ਔਰਤ – ਮਮਤਾ = ਫਫੇਕੁਟਣੀ

ਸੁੱਕ ਜਾਂਦੇ ਰਿਸ਼ਤਿਆਂ ਚੋਂ
ਪਾਣੀ ਦੋਸਤੀ ਦੇ ਜਦੋਂ

ਬਣ ਜਾਂਦੇ ਰਿਸ਼ਤੇ
ਚਾਬੀਆਂ ਗੁਆਚੇ
ਜੰਗਾਲੇ ਜਿੰਦਰੇ ਜੜੇ ਬੰਦ ਬੂਹੇ
ਸਦਾ ਸਦਾ ਲਈ ਬੰਦ ਬੂਹੇ ਤਾਂ
ਕੰਧਾਂ ਤੇ ਵਾਹੀਆਂ ਬੂਹਿਆਂ ਦੀਆਂ ਤਸਵੀਰਾਂ
ਵਸਦੇ ਘਰਾਂ ਦੇ ਬੂਹੇ
ਖੁਲ੍ਹਦੇ ਰਹਿੰਦੇ
ਖੁੱਲ੍ਹੇ ਰਹਿੰਦੇ
ਅੰਦਰ ਬਾਹਰ ਨੂੰ ਜੋੜਦੇ
ਬੰਦ ਬੂਹੇ ਤਾਂ ਕਾਹਦੇ ਬੂਹੇ
ਨਾਂ ਦੇ ਬੂਹੇ ਨਿਰੀਆਂ ਕੰਧਾਂ

ਬਿਨ ਬੂਹੇ ਤਾਂ ਕਬਰਾਂ ਹੁੰਦੀਆਂ
ਬੂਹੇ ਬਗੈਰ ਕੋਈ ਮਕਾਨ ਨਾ ਹੁੰਦਾ
ਮੋਹ ਮੁਹੱਬਤ ਦੋਸਤੀ ਬਿਨ
ਹਰਿਆ ਭਰਿਆ ਇਨਸਾਨ ਨਾ ਹੁੰਦਾ

ਜਿਨ੍ਹਾਂ—
ਦੋਸਤੀ ਪਿਆਰ ਦੇ ਨਗਮੇਂ ਉਗਾਉਂਣੇ ਹੁੰਦੇ
ਮੋਹ ਮੁਹੱਬਤ ਦੇ ਫੁੱਲ ਖਿੜਾਉਂਣੇ ਹੁੰਦੇ
ਉਹ ਆਪਣੇ ਅੰਦਰ ਦੇ
ਆਪਣੇ ਹਰਿਮੰਦਰ ਦੇ
ਬੂਹੇ
ਚਹੁੰ ਤਰਫ਼ੀਂ ਖੋਹਲ ਕੇ ਰੱਖਦੇ

ਮੋਹ ਮੁਹੱਬਤ ਪਿਆਰ ਮਮਤਾ ਦੋਸਤੀ
ਇਹਨਾਂ ਪਾਣੀਆਂ ਨੂੰ ਤਾਂ
ਰਿਸ਼ਤਿਆਂ ਦੇ ਭਾਂਡਿਆਂ ਦੀ
ਵੀ ਨਹੀਂ ਮੁਹਤਾਜਗੀ

ਮਿਲਾਪ

ਤੂੰ ਮੈਨੂੰ ਮਿਲ ਇਸ ਤਰ੍ਹਾਂ
ਜਿਉਂ ਦਿਨ ਨੂੰ ਮਿਲਦੀ ਰਾਤ

ਤੇਰੇ ਬਿਨ ਮੈਂ ਇਸ ਤਰ੍ਹਾਂ
ਜਿਉਂ ਬਿਨਾਂ ਹੁੰਗਾਰੇ ਬਾਤ

ਵੱਸ ਮੇਰੇ ਵਿਚ ਇਸ ਤਰ੍ਹਾਂ
ਜਿਉਂ ਫੁਲੀਂ ਖੁਸ਼ਬੋ

ਤੂੰ ਮੈਨੂੰ ਛੂਹ ਇਸ ਤਰ੍ਹਾਂ
ਜਿਉਂ ਰੰਗਾਂ ਨੂੰ ਲੋਅ

ਤੂੰ ਮੈਨੂੰ ਮਿਲ ਇਸ ਤਰ੍ਹਾਂ
ਜਿਉਂ ਧਰਤੀ ਅੰਬਰ ਮੇਲ਼

ਮੀਂਹ ਵਾਂਗਰ ਨਾ ਮੇਰੇ 'ਤੇ
ਪੈ ਜਿਉਂ ਪਏ ਤਰੇਲ਼

ਤੇਰੇ ਬਿਨ ਮੈਂ ਬਹੁਤ ਇਕੱਲਾ
ਤੂੰ ਮੈਨੂੰ ਮਿਲ ਇਸ ਤਰ੍ਹਾਂ

ਕੌਣ

ਪਾਣੀ ਤੇ ਪਿਆਸ

ਕੌਣ ਕਿਸ ਨੂੰ ਪੀਂਦਾ ਹੈ?

ਭੋਜਨ ਤੇ ਭੁੱਖ

ਕੌਣ ਕਿਸ ਨੂੰ ਮਿਟਾਉਂਦਾ ਹੈ?

ਨਾਰੀ ਤੇ ਨਰ

ਕੌਣ ਕਿਸ ਨੂੰ.............?

ਪ ਪਾਣੀ
ਪਿਆਸ

ਭ ਭੋਜਨ
ਭੁੱਖ

ਨ ਨਾਰੀ
ਨਰ

ਭੁਲੇਖਾ

ਨਿੱਕੇ ਹੁੰਦੇ ਪੜ੍ਹਦੇ ਸਾਂ ਇਕ ਕਹਾਣੀ–
ਪਿਆਸਾ ਕਾਂ

ਇਕ ਹੋਰ ਕਹਾਣੀ–
ਲਾਲਚੀ ਕੁੱਤਾ

ਕਾਂ ਦੀ ਪਿਆਸ ਤਾਂ ਠੀਕ ਸੀ
ਪਰ ਕੁੱਤਾ ਕਦੋਂ ਲਾਲਚੀ ਹੁੰਦਾ

ਆਪਣੀ ਖਾਧ ਬਿਨਾ
ਦੂਜੇ ਦੀ ਨਾ ਖੋਂਹਦਾ
ਅਗਲੇ ਡੰਗ ਲਈ ਨਹੀਂ ਜੋੜਦਾ
ਇਹ ਗਲਤ ਕਹਾਣੀ ਹੈ
ਮਨਘੜਤ ਕਹਾਣੀ ਹੈ

ਅੱਜ ਕੱਲ੍ਹ ਰੋਜ਼ ਪੜ੍ਹਦੇ ਹਾਂ ਇਕ ਖ਼ਬਰ–
ਪ੍ਰੇਮੀ ਜੋੜਾ ਫਰਾਰ
ਤੇ ਇਕ ਹੋਰ ਖ਼ਬਰ–
ਇਕ ਮੁਟਿਆਰ ਨਾਲ ਚਾਰ
ਦਰਿੰਦਿਆਂ ਦੁਆਰਾ ਬਲਾਤਕਾਰ

ਆਪਣੇ ਪ੍ਰੇਮੀ ਨਾਲ ਤਾਂ
ਕਿਤੇ ਵੀ ਕੋਈ ਵੀ ਨਾਰ
ਕਦੇ ਵੀ ਹੋ ਸਕਦੀ ਫਰਾਰ
ਪਰ ਕੋਈ ਦਰਿੰਦਾ
ਕੋਈ ਪਰਿੰਦਾ
ਕੋਈ ਜਾਨਵਰ ਵਹਿਸ਼ੀ ਭੇੜੀਆ
ਬਲਾਤਕਾਰੀ ਨਹੀਂ ਹੁੰਦਾ
ਕੁਦਰਤ ਦਾ ਅਸੂਲ ਹੈ
ਇਹ ਖ਼ਬਰ ਨਿਰਮੂਲ ਹੈ

ਆਦਮ ਦਾ ਅਪਮਾਨ ਕਰਨ ਲਈ
ਪਸ਼ੂਆਂ ਨੂੰ ਬਦਨਾਮ ਨਾ ਕਰੀਏ

ਆਦਮੀ ਨੂੰ ਤਾਂ
ਆਦਮੀ ਹੋਣ ਦਾ ਇਲਜ਼ਾਮ ਦੇਈਏ
ਆਦਮੀ ਹੋਣ ਦੀ ਅਸੀਸ ਦੇਈਏ
ਤੇ ਆਦਮੀ ਹੋਣ ਦਾ ਵਿਸ਼ਵਾਸ ਦੇਈਏ

ਪੰਛੀ

ਪੰਛੀ ਉਡ ਲੈਂਦਾ ਜਦ ਚਾਹੁੰਦਾ
ਸਾਨੂੰ ਪੈਣ ਜਹਾਜ਼ੀ ਕਜੀਏ

ਸੋਹਣਾ ਘਰ ਆਪ ਬਣਾਉਂਦਾ
ਅਸੀਂ ਸੌ ਸੌ ਮਿਸਤਰੀ ਸੱਦੀਏ

ਉਹ ਸਭ ਕਰਦਾ ਢਿੱਡ ਭਾਉਂਦਾ
ਅਸੀਂ ਸੰਗਲ ਸਮਾਜੀ ਬੱਝੀਏ
। । । ।
ਉਹ । । ।
ਅਸੀਂ । । ।
। । । ।
ਉਹ ਰੋਮ ਰੋਮ ਮਟਕਾਉਂਦਾ
ਅਸੀਂ ਕੁਹਜ ਆਪਣਾ ਕੱਜੀਏ

ਫਿਰ ਕਿਉਂ ਪਰਿੰਦੇ ਦੀ
ਆਦਮ ਤੋਂ ਉਤੇ ਜ਼ਾਤ ਨਾ
ਏਸ ਲਈ ਕਿ ਓਸ ਕੋਲ
'ਸ਼ਬਦ' ਵਾਲੀ ਦਾਤ ਨਾ
ਸੌਗਾਤ ਨਾ

ਆਜ਼ਾਦੀ

ਚਿੜੀ ਨੇ ਆਪਣੀ ਆਜ਼ਾਦੀ ਦੀ
ਪਹਿਲੀ ਜਾਂ ਦੂਸਰੀ ਲੜਾਈ ਨਹੀਂ ਲੜੀ
ਨਾ ਤੀਸਰੀ ਲੜਨੀ ਹੈ
ਫਿਰ ਵੀ ਚਿੜੀ ਗੁਲਾਮ ਨਹੀਂ

ਚਿੜੀ ਨੇ ਆਪਣੀ ਆਜ਼ਾਦੀ ਦੀ
ਵਰ੍ਹੇਗੰਢ ਜਾਂ ਜੁਬਲੀ ਨਹੀਂ ਮਨਾਈ
ਨਾ ਸ਼ਤਾਬਦੀ ਮਨਾਉਣੀ ਹੈ
ਫਿਰ ਵੀ ਚਿੜੀ ਗ਼ੁਲਾਮ ਨਹੀਂ

ਚਿੜੀ ਨੂੰ ਕਿਸੇ ਵਿਰੁੱਧ ਬੋਲਣ
ਜਾਂ
ਲਿਖਣ ਦੀ ਮਜਬੂਰੀ ਨਹੀਂ
ਕਿਉਂਕਿ ਚਿੜੀ ਆਜ਼ਾਦ ਹੈ

ਚਿੜੀ ਕਦੇ ਆਜ਼ਾਦੀ ਬਾਰੇ ਭਾਸ਼ਨ ਨਹੀਂ ਦਿੰਦੀ
ਚਿੜੀ ਕਦੇ ਆਜ਼ਾਦੀ ਬਾਰੇ ਭਾਸ਼ਨ ਨਹੀਂ ਸੁਣਦੀ

ਨਾ ਖੋਹ ਕੇ ਖਾਂਦੀ ਹੈ
ਨਾ ਲੁਕ ਕੇ ਪਿਆਰ ਕਰਦੀ ਹੈ
ਗ਼ੁਲਾਮੀ ਤੇ ਸੱਭਿਅਤਾ ਦਾ ਫ਼ਰਕ ਸਮਝਣ ਲਈ
ਕਿਸੇ ਚਿੰਤਨ ਵਿਚ ਨਹੀਂ ਪੈਂਦੀ
ਕਿਉਂਕਿ ਚਿੜੀ ਆਜ਼ਾਦ ਹੈ

ਚਿੜੀ ਕਿੰਨੇ ਕਾਸੇ ਤੋਂ ਮੁਕਤ ਹੈ
ਨਾ ਕੋਈ ਤਾਈ

ਨਾ ਭਰਜਾਈ
ਨਾ ਕੋਈ ਖ਼ੁਦਾਅ
ਨਾ ਮਦਰ ਇਨ ਲਾਅ

ਸੋਚਦਿਆਂ ਸੋਚਦਿਆਂ
ਸਾਡਾ ਵੀ ਚਿੜੀ ਹੋਣ ਨੂੰ ਜੀਅ ਕਰਦਾ
ਪਰ ਚਿੜੀ ਦੀ ਜ਼ਿੰਦਗੀ ਵੀ ਤਾਂ
ਘੱਟ ਨਹੀਂ ਦੁਸ਼ਵਾਰ
ਸੌ ਕਜੀਏ ਆਂਡੇ ਆਲ੍ਹਣਾ ਬੱਚੇ ਪਰਿਵਾਰ
ਨ੍ਹੇਰੀ ਝੱਖੜ ਗੜੇ ਵਰਖਾ ਮੋਹਲੇਧਾਰ
ਚਿੜੀ ਤੋਂ ਵੀ ਪਿਛੇ ਜਾਣਾ ਪਏਗਾ ਆਜ਼ਾਦੀ ਖ਼ਾਤਰ
ਪਿੱਛੇ ਤੋਂ ਪਿੱਛੇ
ਅਮੀਬੇ ਤੱਕ
ਉਸ ਤੋਂ ਵੀ ਪਿੱਛੇ
ਆਪਣੇ ਕੁਝ ਵੀ ਨਾ ਹੋਣ ਤੱਕ
ਨਾ ਬਾਬਾ ਨਾ
ਪਿੱਛੇ ਨਹੀਂ
ਅੱਗੇ ਹੀ ਚਲਦੇ ਹਾਂ

ਚਿੜੀ ਏਨੀ ਆਜ਼ਾਦ ਨਾ ਕਿ
ਕੁਝ ਹੋਰ ਹੋਣ ਬਾਰੇ ਸੋਚ ਸਕੇ
ਆਦਮੀ ਹੋਣ ਦਾ ਸੁਪਨਾ ਲੈ ਸਕੇ
ਅਸੀਂ ਕੁਝ ਵੀ ਹੋਣ ਬਾਰੇ
ਸੋਚ ਸਕਦੇ
ਸੁਪਨ ਸਕਦੇ

ਚਲੋ, ਆਜ਼ਾਦੀ ਨਾਲ
ਆਦਮੀ ਹੋਣਾ ਸੋਚੀਏ
ਰੱਬ ਹੋਣਾ ਲੋਚੀਏ

ਤਰੱਕੀ

ਉਸਦੇ ਸੁਪਨੇ 'ਚ ਕਾਲ਼ੀ ਨੇਰ੍ਹੀ ਵਗੀ
ਉਸ ਜਾਗੋ ਮੀਟੀ 'ਚ ਉਠ ਦੇਖਿਆ
ਕਿ ਉਸਦੇ ਪੱਤਿਆਂ ਤੋਂ
ਤਰੇਲ ਦੀਆਂ ਕੁਲ ਬੂੰਦਾਂ
ਝੜ ਚੁੱਕੀਆਂ
ਸੁੱਕ ਚੁੱਕੀਆਂ
ਮੁੱਕ ਚੁੱਕੀਆਂ

ਕਿ ਉਹ ਬੁੱਢੀਆਂ ਕੁਰਸੀਆਂ ਵਿਚਾਲੇ
ਗੱਡਿਆ ਪਿਆ ਹੈ
ਕਿ ਉਹ ਕਵਿਤਾ ਵਾਂਗ ਝੂਮਣੋਂ ਹਟ ਕੇ
ਹਵਾ ਨਾਲ ਗੱਲਾਂ ਕਰਨੋਂ ਹਟਕੇ
ਸਰਵਿਸ ਬੁੱਕ ਦੇ ਪੰਨੇ ਤੇ ਚਿਪਕ ਗਿਆ ਹੈ
ਕਿ ਉਸਦੇ ਮਨ ਦੀ ਛੱਤ ਚੋਂ
ਕੋਈ ਚੋਆ ਪਿਆ
ਤੇ ਉਹ ਬਲ਼ਦਾ ਬਲ਼ਦਾ
ਧੁਖ਼ਣ ਲੱਗਾ
ਵਿਛੜੇ ਮੇਲੇ ਵਾਲੀ ਥਾਂ ਦੀ
ਬੇਰੌਣਕੀ ਤੇ ਬੇਤਰਤੀਬੀ
ਉਸਦੀ ਅਣਕਹੀ ਅਣਲਿਖੀ ਕਵਿਤਾ ਦੀ ਗਵਾਹ ਹੈ
ਅੱਜ ਕੱਲ੍ਹ ਉਹ
ਉਹ ਨਹੀਂ
ਤੇ ਤੁਸੀਂ ਉਸਨੂੰ
ਤੁਸੀਂ ਨਹੀਂ ਲਗਦੇ
ਉਸ ਦੀਆਂ ਬਾਹਵਾਂ ਹੁੰਦੀਆਂ ਸਨ ਕਦੇ
ਬ--ਹੁ--ਤ ਲੰਮੀਆਂ
ਨਜ਼ਰ ਦੀ ਪਹੁੰਚ ਜਿੰਨੀਆਂ
ਸ਼ਾਇਦ ਉਸ ਤੋਂ ਵੀ ਲੰਮੀਆਂ
ਭਰਦੀਆਂ ਸਨ ਜੋ ਕਲਾਵਾ
ਚੰਦਾਂ ਸੂਰਜਾਂ ਦਾ
ਜੱਗ ਦਾ
ਰੱਬ ਦਾ
ਸਭ ਦਾ
ਸੁੰਗੜ ਕੇ ਰਹਿ ਗਈਆਂ ਬਾਹਵਾਂ ਹੁਣ
ਬਾਹਵਾਂ ਤੋਂ ਵੀ ਛੋਟੀਆਂ
ਜੋ ਆਪਣੇ ਵਜੂਦ ਨੂੰ ਵੀ
ਸਿਰਫ਼ ਢਿੱਡ ਵਲੋਂ ਕਲਾਵਾ ਭਰਦੀਆਂ

ਡੌਗ ਰੇਸ

ਅਜੇ ਤਾਂ ਅਸੀ ਉਸ ਬਾਰੇ ਲੋਕਾਂ ਨੂੰ
ਕਈ ਕੁਝ ਦੱਸਣਾ ਸੀ
ਓਧਰ ਛਿੰਝ ਪੈਣੀ ਸੀ
ਤੇ ਅਸੀਂ ਹੱਸਣਾ ਸੀ

ਉਹ ਬੁੱਝ ਗਿਆ ਸਾਡੀ ਭੁੱਖ ਦੀ ਕਿਸਮ
ਟੋਹ ਲਏ ਸਾਡੇ ਮਨ ਮਗਜ਼ ਤੇ ਜਿਸਮ

ਉਹ ਸ਼ਾਂਤ ਸੀ ਬੇਫ਼ਿਕਰ ਸੀ ਖਾਮੋਸ਼ ਸੀ
ਤਦ ਸਾਡੇ ਅੱਗੇ ਦੌੜਦਾ ਇਕ ਨਕਲੀ ਖ਼ਰਗੋਸ਼ ਸੀ

ਖ਼ਰਗੋਸ਼ ਨਕਲੀ ਸੀ ਪਰ ਚਾਬੀ ਫੁੱਲ ਸੀ
ਜੋ ਮਗਰ ਦੌੜੇ ਸਾਡੀ ਭੁੱਲ ਸੀ

ਅਸੀਂ ਅਕਲਾਂ ਦੂੜਾ ਦੌੜੇ
ਪੂਛਾਂ ਤੁੜਾ ਦੌੜੇ
ਪੁੱਠ ਦੌੜੇ ਸਿੱਧ ਦੌੜੇ
ਇਕ ਦੂਸਰੇ ਨੂੰ ਮਿੱਧ ਦੌੜੇ

ਆਖ਼ਿਰ ਹੰਭ ਗਏ ਟੁੱਟ ਗਏ
ਨਿੱਸਲ ਹੋ ਸਿਰ ਸੁੱਟ ਗਏ

ਚੂਰ ਸਾ ਨਾ ਹੋਸ਼ ਸੀ
ਉਸ ਚੁੱਕ ਲਿਆ ਖ਼ਰਗੋਸ਼ ਸੀ

ਉਸਦੇ ਮੁੱਛੀ ਹਾਸਾ ਸੀ
ਅਗਲੇ ਦਿਨ ਹੋਰ ਤਮਾਸ਼ਾ ਸੀ

ਇਹ ਵੇਲਾ

ਇਹ ਵੇਲਾ
ਕੁਝ ਕਰਨ ਦਾ
ਜਾਂ ਮਰਨ ਦਾ ਨਹੀਂ

ਇਹ ਵੇਲਾ
ਲੜਨ ਦਾ
ਜਾਂ ਖੜ੍ਹਨ ਦਾ ਨਹੀਂ

ਇਹ ਵੇਲਾ
ਕੁਝ ਜਾਨਣ ਦਾ
ਜਾਂ ਮਾਨਣ ਦਾ ਨਹੀ

ਇਹ ਵੇਲਾ
ਕਿਸੇ ਪ੍ਰਤਿਗਿਆ ਦਾ
ਜਾਂ ਅਵੱਗਿਆ ਦਾ ਨਹੀਂ

ਇਹ ਵੇਲਾ ਤਾਂ
ਬਾਜਾਰ ਚੋਂ
ਚੀਜ਼ਾਂ ਖ੍ਰੀਦਣ ਦਾ ਹੈ

ਸ਼ਹਿਰ

ਬੰਦੇ ਏਸ ਸ਼ਹਿਰ ਦੇ
ਦੌੜਾਕ ਅੱਠੋ ਪਹਿਰ ਦੇ

ਧੰਦਿਆਂ ਅੰਦਰ ਧਿੜਦੇ
ਪਹੀਆਂ ਵਾਂਗ ਗਿੜਦੇ

ਇੰਜਣਾਂ ਵਾਂਗ ਤਪਦੇ
ਵਸਤਾਂ ਵਾਂਗ ਖਪਦੇ

ਕੁਝ ਧੂੰਆਂ ਛੱਡਦੀਆਂ ਚਿਮਨੀਆਂ ਵਾਂਗ ਗੰਦੇ
ਕੁਝ ਉਭੜ ਖਾਭੜ ਸੜਕਾਂ ਵਰਗੇ ਬੰਦੇ

ਧੁਖ਼ਦੇ ਧੁਆਂਖਦੇ ਚਿੜ ਚਿੜ ਕਰਦੇ
ਆਟੋ ਰਿਕਸ਼ਿਆਂ ਵਾਂਗ ਪਿੜ ਪਿੜ ਕਰਦੇ

ਫਿਰ ਵੀ
ਸ਼ਹਿਰ ਦੇ ਦਰਾਂ ਘਰਾਂ ਅੰਦਰ
ਫੁੱਲ ਖਿੜਦੇ–
ਮੁਸਕਰਾਉਂਦੇ ਬੰਦਿਆਂ ਵਾਂਗ
ਲਾਟੂ ਜਗਦੇ–
ਜਗਮਗਾਉਂਦੇ ਬੰਦਿਆਂ ਵਾਂਗ

ਸੁਪਨਾ

ਇਕ ਸੁਪਨਾ ਮੈਨੂੰ ਵਾਰ ਵਾਰ ਆਉਂਦਾ
ਕਿ ਮੈਂ
ਵਿਸ਼ਾਲ ਸਮੁੰਦਰ ਤਰ ਕੇ
ਲੰਮਾ ਰਾਹ ਲੰਘ ਕੇ
ਤੁਰਦਾ ਪਗਡੰਡੀਆਂ ਤੇ
ਜੋ ਖੇਤਾਂ ਚਰਾਂਦਾਂ ਸੁਇਆਂ ਟੋਭਿਆਂ ਤੋਂ ਪਿੱਛੇ

ਜੰਗਲ ਵਿਚ ਲੈ ਜਾਂਦੀਆਂ ਮੈਨੂੰ
ਮੈਂ ਰੁੱਖਾਂ ਨਾਲ
ਖੜ ਖੜ ਦੀ ਭਾਸ਼ਾ 'ਚ ਗੱਲਾਂ ਕਰਦਾ
ਪੰਛੀਆਂ ਨਾਲ
ਕੈਂ ਕੈਂ, ਚੀਂ ਚੀਂ, ਕੂ ਕੂ ਤੇ ਗੁਟਰ ਕੂੰ ਗੂੰ ਦੇ
ਗੀਤ ਗਾਉਂਦਾ
ਸ਼ੇਰਾਂ ਚੀਤਿਆਂ ਦੇ
ਕੰਨਾ ਮੂੰਨਾ ਕੁ..ਰ..ਰ ਕਰਦਾ
ਹਾਥੀਆਂ ਦੇ ਸੁੰਡ ਸੁੰਘਦਾ
ਮਿਰਗਾਂ ਦੇ ਕੁਤਕਤਾਰੀਆਂ ਕੱਢਦਾ
ਤਾਰਿਆਂ ਦੀਆਂ ਮੁੱਠੀਆਂ ਭਰਦਾ
ਚੰਨ ਨੂੰ ਦੰਦੀਆਂ ਚਿੜਾਉਂਦਾ
ਸੂਰਜ ਵੱਲ ਨੂੰ ਮੂੰਹ ਅੱਡ ਕੇ
ਧੁੱਪ ਨਿਗਲ਼ਦਾ
ਮਿੱਟੀ ਨਾਲ ਨਹਾਉਂਦਾ
ਕਣੀਆਂ ਨਾਲ ਪਿੰਡਾ ਪੂੰਝਦਾ
ਹਵਾ ਨੂੰ ਜੱਫੀਆਂ ਪਾਉਂਦਾ

ਸੁਪਨਾ ਟੁੱਟਦਾ
ਤਾਂ ਮੈਂ ਆਪਣੇ ਆਪ ਨੂੰ
ਆਪਣੇ ਘਰ ਦਫ਼ਤਰ
ਜਾਂ ਦੋਹਾਂ ਨੂੰ ਜੋੜਦੀ
ਤੇ ਬਾਜ਼ਾਰ ਚੋਂ ਲੰਘਦੀ
ਸੜਕ ਤੇ ਮਿਲਦਾ
ਸੜਕ–
ਜਿਸ ਤੇ ਮੈਂ ਹੀ ਕਾਰ ਨਹੀਂ ਚਲਾਉਂਦਾ
ਕਾਰ ਵੀ ਮੈਨੂੰ ਚਲਾਉਂਦੀ
ਬਾਜ਼ਾਰ–
ਜਿਥੇ ਮੈਂ ਹੀ ਪੈਸੇ ਨਹੀਂ ਖਰਚਦਾ

ਪੈਸੇ ਵੀ ਮੈਨੂੰ ਖਰਚਦੇ

ਘਰ–

ਜਿਥੇ ਮੈਂ ਹੀ ਰੋਟੀ ਨਹੀਂ ਖਾਂਦਾ
ਰੋਟੀ ਵੀ ਮੈਨੂੰ ਖਾਂਦੀ ਰਹਿੰਦੀ

ਦਫ਼ਤਰ–

ਜਿਥੇ ਮੈਂ ਹੀ ਕੁਰਸੀ 'ਤੇ ਨਹੀਂ ਬੈਠਦਾ
ਕੁਰਸੀ ਵੀ ਮੇਰੇ 'ਤੇ ਬੈਠੀ ਰਹਿੰਦੀ
ਜਿਥੇ ਮੈਂ ਹੀ ਟੈਲੀਫ਼ੋਨ ਨਹੀਂ ਘੁੰਮਾਉਂਦਾ
ਟੈਲੀਫ਼ੋਨ ਵੀ ਮੈਨੂੰ ਖ਼ੂਬ ਘੁੰਮਾਉਂਦਾ

ਇਸ ਤਰ੍ਹਾਂ ਦੇ ਵਿਚ
ਮੈਨੂੰ ਜੰਗਲ ਦਾ ਸੁਪਨਾ ਵਾਰ ਵਾਰ ਆਉਂਦਾ

ਪਰ ਮੈਨੂੰ ਉਦੋਂ ਜੰਗਲ ਦਾ ਸੁਪਨਾ ਨਹੀਂ ਆਉਂਦਾ
ਜਦੋਂ ਮੈਂ
ਆਪਣੇ ਬੱਚੇ ਦਾ ਘੋੜਾ ਹੁੰਨਾਂ
ਉਦੋਂ ਵੀ ਨਹੀਂ ਆਉਂਦਾ
ਜੰਗਲ ਦਾ ਸੁਪਨਾ
ਜਦੋਂ ਮੈਂ ਤਨੋਂ ਮਨੋਂ
ਸੰਗਣੀ ਦੇ ਸੰਗ ਹੁੰਨਾਂ
ਮੈਨੂੰ ਓਦੋਂ ਜੰਗਲ ਦਾ ਸੁਪਨਾ
ਬਿਲਕੁਲ ਨਹੀਂ ਆਉਂਦਾ
ਜਦੋਂ ਮੈਂ ਕੋਈ ਨਜ਼ਮ ਲਿਖਦਾਂ
ਨਜ਼ਮ ਭਾਵੇਂ ਜੰਗਲ ਦੇ ਬਾਰੇ ਹੋਏ
ਤੇ ਉਦੋਂ ਵੀ ਨਹੀਂ ਆਉਂਦਾ
ਜੰਗਲ ਦਾ ਸੁਪਨਾ
ਜਦੋਂ ਮੇਰੇ ਹੱਥ 'ਚ ਬੁਰਸ਼ ਹੁੰਦਾ
ਬੁਰਸ਼ ਤੇ ਰੰਗ ਹੁੰਦਾ
ਤੇ ਮਨ 'ਚ ਕੋਈ ਤਸਵੀਰ ਹੁੰਦੀ
ਤਸਵੀਰ ਭਾਵੇਂ ਜੰਗਲ ਦੀ ਹੋਵੇ

ਅਜਨਬੀ

ਅਸੀਂ ਤੇਲ ਮੁੱਕੇ ਜਹਾਜ਼ 'ਚੋਂ
ਬੇਗਾਨੇ ਟਾਪੂ 'ਤੇ
ਪੈਰਾਸ਼ੂਟਾਂ ਰਾਹੀਂ ਉਤਰੇ ਯਾਤਰੀ ਹਾਂ
ਪੈਰਾਸ਼ੂਟ–
ਜਿਸ ਨਾਲ ਖ਼ਤਰੇ ਸਮੇਂ
ਕਿਸੇ ਧਰਤੀ ਤੇ ਸੁਰੱਖਿਅਤ ਉਤਰਿਆ ਹੀ ਜਾਂਦਾ
ਮੁੜ ਆਪਣੀ ਧਰਤੀ ਤੇ
ਪਰਤਿਆ ਨਹੀਂ ਜਾਂਦਾ

ਸਾਡਾ ਮਾਈਕ੍ਰੋਵੇਵ ਸੈੱਟ ਵੀ
ਜਹਾਜ਼ ਵਿਚ ਰਹਿ ਗਿਆ ਹੈ
ਤੇ ਪਿਛਲੇ ਬੇਖ਼ਬਰ ਨੇ
ਕਿ ਅੱਜ ਕੱਲ ਅਸੀਂ
ਸੁੱਤਿਆਂ ਜਾਗਦੇ
ਤੇ ਜਾਗਦਿਆਂ ਸੌਂਦੇ
ਕਵਿਤਾ ਕਦੀ ਕਦਾਈਂ ਸੁਪਨੇ ਵਿਚ ਆਉਂਦੀ
ਸੁਪਨਾ ਟੁੱਟਣ ਤੇ
ਗੁਆਚੀ ਕਵਿਤਾ ਪਿੱਛੇ ਭਟਕਦੇ
ਅਸੀਂ ਜੋ ਅਜਨਬੀ ਹਾ

ਪਿਰਾਮਿਡ

ਧਰਮ ਪੋਥੀਆਂ ਦੇ ਅੰਬਾਰ
ਮਾਲਾ ਚਿੱਪੀ ਚੋਲਾ
ਦਗਦਾ ਚਿਹਰਾ ਚੌੜਾ ਮੱਥਾ
ਬੁੱਢਾ ਧਰਮੇਸ਼੍ਵਰ ਅੱਖਾਂ ਮੀਟੀ
ਬੈਠਾ ਹੈ ਵਿਚਕਾਰ
ਆਦਮੀ ਆਉਂਦਾ ਹੈ
ਕਰਦਾ ਝੁਕ ਕੇ ਨਮਸਕਾਰ–
        ਹੇ ਗੁਰੂਵਰ
        ਮੈਂ ਤਪਦਾ ਹਫ਼ਦਾ ਖੁਸ਼ੀਆਂ ਲੱਭਦਾ

ਆਨੰਦ ਖੋਜਦਾ ਪਹੁੰਚਾ ਤੇਰੇ ਦੁਆਰ

ਧਰਮੇਸ਼੍ਵਰ ਅੱਖਾਂ ਖੋਲ੍ਹੇ ਬਗ਼ੈਰ
ਬਚਨ ਕਰਦਾ ਹੈ–
ਖ਼ਾਹਿਸ਼ਾਂ ਜਦੋਂ ਵਧਾਏਂਗਾ
ਦੁਖਾਂ ਵਿਚ ਘਿਰਦਾ ਜਾਏਂਗਾ
ਖ਼ਾਹਿਸ਼ਾਂ ਦਾ ਹੈ ਐਸਾ ਚੱਕਰ
ਬੰਦਾ ਬਿਲਕੁਲ ਜਾਏ ਭਮੱਤਰ
ਖ਼ਾਹਿਸ਼ਾਂ ਕਰਕੇ ਭਟਕੇ ਹੋਏ
ਆਪਣੇ ਆਪ 'ਚ ਅਟਕੇ ਹੋਏ
ਖ਼ਾਹਿਸ਼ ਘੋੜਿਆਂ ਦੇ ਅਸਵਾਰ
ਕਿੰਝ ਲੱਗੋਗੇ ਭਵਜਲ ਪਾਰ?

ਕੋਈ ਉਪਾਅ ਦੱਸੋ ਗੁਰੂਵਰ
ਆਦਮੀ ਸਹਿਮਤੀ ਵਿਚ ਸਿਰ ਹਿਲਾਉਂਦਾ ਹੈ
ਧਰਮੇਸ਼੍ਵਰ ਤਨ ਦੀ ਸਾਰੀ ਸ਼ਕਤੀ
ਜੀਭ ਤੱਕ ਲਿਆਉਂਦਾ ਹੈ
ਹਦਾਇਤ ਕਰਦਾ ਹੈ–
ਖਾਹਿਸ਼ਾਂ ਦੇ ਘੋੜੇ ਤੋਂ ਉਤਰੋ
ਇਸ ਨੂੰ ਪਾਸੇ ਬੰਨ੍ਹੋਂ
ਤੇ ਆਹ ਫੜੋ
ਆਨੰਦ ਦਾ ਮੂਲ ਮੰਤਰ
ਅੱਖਾਂ ਮੀਟੀ ਕਾਗਜ਼ ਤੇ ਕੁਝ ਲਿਖਦਾ ਹੈ
ਆਦਮੀ ਦੇ ਹੱਥ ਪਕੜਾਉਂਦਾ ਹੈ
ਜਿਸਤੇ ਲਿਖਿਆ ਹੈ–

$$\text{ਆਨੰਦ} \propto \frac{\text{ਪੂਰਤ ਖਾਹਿਸ਼ਾਂ}}{\text{ਕੁਲ ਖਾਹਿਸ਼ਾਂ}}$$

$$\text{ਖੁਸ਼ੀ} \propto \frac{\text{ਪੂਰਤੀ}}{\text{ਕਾਮਨਾ}}$$

ਬਾਲਕੇ ਤੂੰ ਖ਼ਾਹਿਸ਼ਾਂ ਦੀ ਪੂਰਤੀ ਕਰਕੇ
ਖ਼ੁਸ਼ ਹੋਣਾ ਲੋਚਿਆ ਹੋਏਗਾ
ਖ਼ਾਹਿਸ਼ ਪੂਰਤੀ ਲਈ ਬੜਾ
ਜੁਗਾੜ ਸੋਚਿਆ ਹੋਏਗਾ
ਏਨਾ ਸੋਚਿਆ ਹੋਵੇਗਾ ਕਿ
ਚਿੰਤਾ ਫਿਕਰਾਂ ਨੇ ਤੈਨੂੰ
ਅੰਦਰੋਂ ਨੋਚਿਆ ਹੋਵੇਗਾ
ਹਾਈ ਲੋਅ ਬਲੱਡ ਪ੍ਰੈਸ਼ਰ ਟੈਨਸ਼ਨ
ਹਾਈਪਰਟੈਂਸ਼ਨ ਤੇ ਹੋਰ ਨਿੱਕ ਸੁੱਕ ਨੇ
ਆਣ ਦਬੋਚਿਆ ਹੋਵੇਗਾ
ਤੇ ਆਨੰਦ ਪ੍ਰਾਪਤੀ ਦਾ ਸਾਰਾ ਪ੍ਰਾਜੈਕਟ
ਰਹਿ ਗਿਆ ਹੋਵੇਗਾ ਧਰਿਆ ਧਰਾਇਆ
ਹੈ ਨਾ ਬਾਲਕੇ?

ਤੁਸੀਂ ਜਾਣੀ ਜਾਣ ਹੋ
ਹੱਥ ਜੋੜੀ ਆਦਮੀ ਸੀਸ ਨਿਵਾਉਂਦਾ ਹੈ
ਧਰਮੇਸ੍ਵਰ ਅੱਖਾਂ ਮੀਟੀ ਮੁਸਕ੍ਰਾਉਂਦਾ ਹੈ
ਤੇ ਆਪਣੇ ਸਿੱਧੇ ਜਿਹੇ ਫਾਰਮੂਲੇ ਦਾ
ਵਿਸਥਾਰ ਸਮਝਾਉਂਦਾ ਹੈ—
ਇਛਾਵਾਂ ਵਧਾਉਂਦੇ ਜਾਓਗੇ
ਤਾਂ ਘਟਦਾ ਜਾਏਗਾ ਆਨੰਦ
ਮਨਫ਼ੀ ਹੋਈ ਜਾਣਗੀਆਂ ਖ਼ੁਸ਼ੀਆਂ
ਖ਼ਾਹਿਸ਼ਾਂ ਅਸੀਮ ਕਰ ਲਵੋਗੇ
ਜ਼ੀਰੋ ਹੋ ਜਾਣਗੀਆਂ ਖੁਸ਼ੀਆਂ
ਦੁੱਖ ਤੇ ਕੇਵਲ ਦੁੱਖ ਬਚੇਗਾ
ਜਿਉਂ ਜਿਉਂ ਖ਼ਾਹਿਸ਼ਾਂ ਮਿਟਾਓਗੇ
ਅਰਥਾਤ
ਡੀਨੌਮੀਨੇਟਰ ਘਟਾਂਓਗੇ
ਆਨੰਦਤ

ਅਤਿ ਆਨੰਦਤ ਹੁੰਦੇ ਜਾਓਗੇ
ਤੇ ਅਖ਼ੀਰ ਜਦ ਖ਼ਾਹਿਸ਼ਾਂ ਨੂੰ ਕਾਮਨਾ ਨੂੰ
ਜ਼ੀਰੋ ਤੇ ਲੈ ਆਓਗੇ
ਅਨੰਤ ਆਨੰਦ
ਮਹਾਂ ਆਨੰਦ
ਪਰਮ ਆਨੰਦ ਨੂੰ ਪਾਓਗੇ
ਆਦਮੀ ਧਰਮੇਸ਼੍ਵਰ ਹੱਥੋਂ ਉਹ ਤਵੀਜ਼ ਲੈਂਦਾ ਹੈ
ਲਿਖਿਆ ਹੈ ਜਿਸਤੇ

$$\text{ਆਨੰਦ} \propto \frac{\text{ਪੂਰਤ ਖਾਹਿਸ਼ਾਂ}}{\text{ਕੁਲ ਖਾਹਿਸ਼ਾਂ}}$$

$$\text{ਖੁਸ਼ੀ} \propto \frac{\text{ਪੂਰਤੀ}}{\text{ਕਾਮਨਾ}}$$

ਮੱਥੇ ਨੂੰ ਛੁਹਾਉਂਦਾ ਹੈ
ਚੁੰਮਦਾ ਹੈ ਹਿੱਕ ਨਾਲ ਲਾਉਂਦਾ ਹੈ
ਸਦੀਆਂ ਤੋਂ ਇਹ ਤਵੀਜ਼ ਗਲ 'ਚ ਪਾਈ
ਆਦਮੀ ਧਰਮੇਸ਼੍ਵਰ ਦੀ ਪ੍ਰਕਰਮਾ ਕਰਦਾ ਹੈ
ਪ੍ਰਕਰਮਾ ਕਰਦਾ ਬੋਰ ਹੋਇਆ ਆਦਮੀ
ਇਕ ਦਿਨ ਧਰਮੇਸ਼੍ਵਰ ਨੂੰ ਸੰਬੋਧਤ ਹੁੰਦਾ ਹੈ–
ਹੇ ਗੁਰੂਵਰ
ਇਹ ਠੀਕ ਹੈ ਕਿ ਮੈਂ ਜਿੰਨਾ ਭਟਕਿਆ ਹਾਂ
ਆਪਣੀਆਂ ਖ਼ਾਹਿਸ਼ਾਂ ਕਾਰਨ
ਆਪਣੀ ਕਾਮਨਾ ਕਾਰਨ
ਭਟਕਿਆ ਹਾਂ
ਪਰ ਜਿੰਨਾ ਮੈਂ ਸਫਰ ਕੀਤਾ
ਚਿੜੀਆਂ ਜਨੌਰਾਂ ਤੋਂ ਅੱਗੇ
ਆਪਣੀਆਂ ਖ਼ਾਹਿਸ਼ਾਂ ਤੇ ਕਾਮਨਾ ਕਾਰਨ ਕੀਤਾ
ਚਿੜੀਆਂ ਤਾਂ ਉਦੋਂ ਵੀ ਚਿੜੀਆਂ ਸਨ
ਜਦ ਮੈਂ ਆਦਮ ਹੱਵਾ ਸਾਂ
ਕੁੰਤੀ ਪਾਂਡੋ, ਰਾਧਾ ਮੋਹਨ ਸਾਂ

ਚਿੜੀਆਂ ਤਾਂ ਉਦੋਂ ਵੀ ਚਿੜੀਆਂ ਹੀ ਸਨ
ਜਦੋਂ ਮੈਂ ਰਜੀਆ ਯਾਕੂਤ ਸਾਂ
ਸ਼ਾਹ ਜਹਾਂ ਮੁਮਤਾਜ ਸਾਂ
ਚਿੜੀਆਂ ਦਾ ਨਾਂ ਤਾਂ ਉਦੋਂ ਵੀ ਚਿੜੀਆਂ ਸੀ
ਜਦ ਮੈਂ ਮੇਅਰੀ ਪੀਅਰੀ ਕਿਊਰੀ ਸਾਂ
ਗ੍ਰਹਮਵੈੱਲ ਮਾਰਕੋਨੀ ਸਾਂ
ਚਿੜੀਆਂ ਅੱਜ ਵੀ ਚਿੜੀਆਂ ਹਨ
ਜਦ ਮੈਂ ਰਾਕੇਸ਼ ਕਲਪਨਾ ਹਾਂ

ਯੁੱਗ ਚਾਹੇ ਪੱਥਰ ਦਾ ਸੀ
ਚਾਹੇ ਤਾਂਬੇ ਦਾ
ਚਾਹੇ ਲੋਹੇ ਦਾ
ਚਾਹੇ ਕੰਪਿਊਟਰ ਦਾ
ਚਿੜੀਆਂ ਜਨੌਰ ਨਹੀਂ ਬਦਲੇ
ਪਰ ਯੁੱਗਾਂ ਨੂੰ ਬਦਲਣ ਵਾਲਾ ਮੈਂ
ਹਰ ਸਾਲ
ਹਰ ਹਫ਼ਤੇ
ਹਰ ਰੋਜ਼
ਹਰ ਪਲ
ਹਰ ਸਾਹ
ਬਦਲਦਾ ਹਾਂ

ਗੁਰੂਵਰ ਤੁਸੀਂ ਮੈਨੂੰ ਅੱਖਾਂ ਖੋਲ੍ਹੇ ਬਗੈਰ
ਆਦੇਸ਼ ਦਿੱਤਾ ਸੀ ਕਿ ਮੈਂ
ਖ਼ਾਹਿਸ਼ਾਂ ਦੇ ਘੋੜੇ ਤੋਂ ਉਤਰ ਆਵਾਂ
ਖ਼ਾਹਿਸ਼ਾਂ ਦਾ ਘੋੜਾ ਪਰ੍ਹਾਂ ਬੰਨ ਦਿਆਂ
ਬਹੁਤ ਵੱਡੀ ਗਲਤੀ ਕਰ ਗਏ ਤੁਸੀਂ ਏਥੇ ਗੁਰੂਵਰ
ਮੈਂ ਕਿਸੇ ਵੀ ਘੋੜੇ ਤੇ ਸਵਾਰ ਨਾ ਸੀ
ਜਿਸ ਤੋਂ ਮੈਂ ਉਤਰਨਾ ਸੀ

ਜਿਸਨੂੰ ਮੈਂ ਬੰਨ੍ਹਣਾ ਸੀ
ਜਿਹਨਾਂ ਖ਼ਾਹਿਸ਼ਾਂ ਤੇ ਸੁਪਨਿਆਂ ਸਹਾਰੇ
ਏਨਾ ਸਫ਼ਰ ਕੀਤਾ ਹੈ
ਉਹ ਮੇਰਾ ਘੋੜਾ ਨਹੀਂ ਸੀ
ਖ਼ਾਹਿਸ਼ਾਂ ਤਾਂ ਮੇਰੇ ਖ਼ੂਨ ਦੇ
ਹਰ ਲਾਲ ਚਿੱਟੇ ਚਪਟੇ ਕਣ ਵਿਚ ਨੇ
ਕਾਮਨਾ ਤਾਂ ਮੇਰੇ ਜਿਸਮ ਦੇ
ਹਰ ਅੰਗ ਦੇ ਹਰ ਸੈੱਲ ਵਿਚ ਹੈ
ਤੇ ਸੁਪਨੇ ਮੇਰੇ ਮਨ 'ਚ
ਖਿਲਰੇ ਪਏ ਹਨ ਚਾਰ ਚੁਫੇਰੇ
ਹਵਾ ਵਿਚ ਖਲਾਅ ਵਿਚ
ਕੁਝ ਅਦਿੱਖ ਕੁਝ ਪ੍ਰਤੱਖ
ਕੋਲ ਅਕੋਲ
ਸੁਪਨੇ ਮੈਨੂੰ ਉਂਗਲੀ ਫੜਕੇ
ਪੀੜ੍ਹੀ ਦਰ ਪੀੜ੍ਹੀ ਤੋਰਦੇ
ਕੁਲ ਸੁਪਨੇ ਸਿੱਧੀ ਡਾਰ 'ਚ ਨਾ ਚਿਣ ਹੁੰਦੇ
ਨਾ ਉਮਰ ਦੇ ਇਕੋ ਤੀਰ ਨਾਲ ਪਰੋ ਹੁੰਦੇ
ਨਵੇਂ ਸੁਪਨੇ ਫੜਨ ਲਈ
ਨਵੇਂ ਸੁਪਨੇ ਸੁਪਨਣ ਲਈ
ਮੈਂ ਨਵਾਂ ਜਨਮ ਧਾਰਦਾ
ਅਨੰਤ ਸੁਪਨੇ
ਅਨੰਤ ਜਨਮ
ਤੁਸੀਂ ਸਦੀਓ ਸਦੀ ਮੈਨੂੰ ਸਬਕ ਦਿੱਤਾ
ਖ਼ਾਹਿਸ਼ਾਂ ਤੇ ਸੁਪਨੇ ਤਿਆਗਣ ਦਾ
ਇਹ ਸਬਕ ਤਾਂ ਰਿਹਾ ਬੱਸ
ਤਵੀਜ਼ ਮੇਰੇ ਗਲ਼ੇ ਦਾ
ਇਹ ਸਬਕ ਤਾਮੀਲ ਨਾ ਹੋਇਆ
ਨਾਕਾਬਲ-ਏ-ਤਾਮੀਲ ਸਬਕ ਨਿਰਾ ਗਲ਼ਾਂ ਦਾ ਬੋਝ ਹੁੰਦੇ
ਮੈਂ ਜਿਉਂਦੇ ਜੀਅ

ਆਪਣੇ ਖ਼ੂਨ ਦਾ
ਜਿਸਮ ਦਾ
ਚੌਗਿਰਦੇ ਦਾ
ਤਿਆਗ ਕਿੰਜ ਕਰਦਾ
ਮੇਰੇ ਸੁਪਨੇ
ਖ਼ਾਹਿਸ਼ਾਂ
ਤੇ ਕਾਮਨਾਵਾਂ ਹੀ
ਮੈਨੂੰ ਆਦਮੀ ਬਣਾਉਂਦੀਆਂ
ਮੈਂ ਆਪਣੇ ਆਪਨੂੰ ਆਪਣੇ ਆਪ ਤੋਂ
ਵੱਖ ਕਿੰਜ ਕਰਾਂ
ਤੁਹਾਡੇ ਫ਼ਲਸਫ਼ੇ ਦਾ ਵਿਸ਼ਾਲ ਪਿਰਾਮਿਡ
ਸਿੱਧਾ ਨਹੀਂ ਉਲਟਾ ਖੜ੍ਹਾ ਹੈ ਆਪਣੀ ਨੋਕ ਤੇ

ਧਰਮੇਸ਼੍ਵਰ ਨੇ ਅੱਖਾਂ ਖੋਲ੍ਹੀਆਂ
ਆਦਮੀ ਦਾ ਬਿਆਨ ਸੁਣ ਕੇ ਘਬਰਾਇਆ
ਰਤਾ ਕੁ ਨਕਲੀ ਮੁਸਕ੍ਰਾਇਆ
ਬਾਲਕੇ... ਹੇ... ਬਾਲਕੇ
ਖਿੜਿਆ ਹੋਇਆ ਆਦਮੀ
ਅਣਸੁਣਿਆਂ ਕਰਕੇ
ਲਹਿੰਦੇ ਵੱਲ ਨੂੰ ਤੁਰ ਪਿਆ

-------------2------------

ਆਪਣੀ ਨੋਕ ਤੇ ਉਲਟਾ ਟਿਕਿਆ
'ਮਹਾਨ' ਫਲਸਫ਼ੇ ਦਾ ਵਿਸ਼ਾਲ ਪਿਰਾਮਿਡ
ਆਪਣੇ ਆਪ ਨਾ ਟਿਕਿਆ ਹੋਇਆ
ਉਲਟਾ ਆਪਣੀ ਨੋਕ ਤੇ

ਸਦੀਆਂ ਤੋਂ ਨਿੱਕੇ ਵੱਡੇ ਧਰਮੇਸ਼ੂਰ
ਆਪੋ ਆਪਣੀਆਂ ਥੰਮੀਆਂ ਲਾਈ
ਇਸ ਨੂੰ ਖੜ੍ਹੇ ਟਿਕਾਈ
ਆਪੋ ਆਪਣੇ ਕੋਨੇ ਤੋਂ
ਜਾਂਦੇ ਢੋਲ ਵਜਾਈ
ਦੇਣ ਦੁਹਾਈ–

ਸੁਣ ਲਓ ਸਾਰੇ ਮਾਈ ਭਾਈ
ਪੁੱਠੇ ਟਿਕੇ ਪਿਰਾਮਿਡ ਨੂੰ
ਸਰ ਕਰਨਾ ਹੈ
ਭਵਜਲ ਤਰਨਾ ਹੈ
ਪੁੱਠੇ ਪਿਰਾਮਿਡ ਦੇ ਉਪਰ
ਵਿਸ਼ਾਲ ਵਿਹੜਾ ਹੈ
ਇਹ ਵਿਹੜਾ ਆਨੰਦ ਸਥੱਲ ਹੈ
ਸੁਰਗ ਹੈ
ਜੰਨਤ ਹੈ
ਜਿਥੇ ਹੂਰਾਂ ਪਰੀਆਂ ਅਪਸਰਾਵਾਂ
ਨ੍ਰਿਤ ਸੰਗੀਤ ਮਨਮੋਹਣੀਆਂ ਅਦਾਵਾਂ
ਸੋਮ ਰਸੀ ਝਰਨੇ ਸੁਗੰਧਤ ਹਵਾਵਾਂ

ਉਲਟੇ ਪਿਰਾਮਿਡ ਦੀਆਂ ਤਾਂ
ਉਲਟੀਆਂ ਢਲਾਨਾ
ਕਿਵੇਂ ਇਹਨੂੰ ਸਰ ਕਰ ਸਕਦੈ ਜ਼ਮਾਨਾ
ਧਰਮੇਸ਼ੂਰਾਂ ਰਲ਼ ਇਹਨੂੰ
ਪੁੱਠਾ ਕਿਉਂ ਟਿਕਾਇਆ ਹੈ
ਪੁੱਠਾ ਰੱਖੀ ਛੱਡਣੇ ਲਈ ਕਾਹਨੂੰ ਜ਼ੋਰ ਲਾਇਆ ਹੈ

ਪੁੱਠੇ ਪਿਰਾਮਿਡ ਦੀ ਲੰਮੀ ਪਰਛਾਈ ਏ
ਲੰਮੀ ਪਰਛਾਈ ਤਾਈਂ
ਮੱਥਾ ਟੇਕਦੀ ਲੋਕਾਈ ਏ

ਸਿੱਧੇ ਪਿਰਾਮਿਡ ਦੀ
ਹੁੰਦੀ ਕੋਈ ਛਾਂ ਨਾ
ਧਰਮੇਸ਼ੂਰ ਸਿੱਧਾ ਇਹਨੂੰ
ਹੋਣ ਦਿੰਦੇ ਤਾਂ ਨਾ

ਐਸੇ ਕਰਤਬ ਬਦਲੇ ਇਹਨਾਂ 'ਮਹਾਂਪੁਰਸ਼ਾਂ' ਨੂੰ
ਰੇਸ਼ਮੀ ਚੋਲੇ ਲੰਮੀਆਂ ਕਾਰਾਂ
ਦੇਵਦਾਸੀਆਂ ਸੋਹਣੀਆਂ ਨਾਰਾਂ
ਟਰੈਫਿਕ ਰੂਲ ਤੋੜਨ ਦਾ ਅਧਿਕਾਰ
ਵੇਲੇ ਕੁਵੇਲੇ ਦਰਸ਼ਣ ਖ਼ਾਤਰ
ਹਾਜ਼ਰ ਹੁੰਦੀ ਝੁਕ ਸਰਕਾਰ

ਡਿੱਗ ਪਿਆ ਜੇ ਪਿਰਾਮਿਡ
ਚੋਲ਼ਾ ਲਾਹੁਣਾ ਪਊਗਾ
ਹੱਥੀਂ ਕੰਮ ਕਰਨਾ ਤੇ
ਝੱਗਾ ਪਾਉਣਾ ਪਊਗਾ

--------------3-------------

ਪੱਛਮੀ ਪਿਰਾਮਿਡ ਦੀ ਟੀਸੀ ਚਮਕਦੀ
ਆਦਮੀ ਨੂੰ ਸੈਨਤਾਂ ਮਾਰਦੀ ਬੁਲਾਉਂਦੀ
ਆਦਮ ਰੂਹ ਪੱਛਮ ਵੱਲ ਨੂੰ ਧਾਉਂਦੀ

ਇਹ ਪਿਰਾਮਿਡ ਆਪੇ ਟਿਕਿਆ
ਆਦਮੀ ਨੂੰ ਏਸ ਤੇ ਇਤਬਾਰ ਹੈ
ਖ਼ੂਬ ਚੌੜਾ ਏਸ ਦਾ ਆਧਾਰ ਹੈ
ਪਰ ਇਸ ਦੇ ਉਪਰ ਕੌਣ ਟਿਕੇਗਾ

ਸਿਖ਼ਰ ਤਾਂ ਹੈ ਇਕ ਬਿੰਦੂ
ਨਾ ਥਾਂ ਨਾ ਪਾਸਾਰ ਹੈ
ਬਿੰਦੂ ਤੇ ਤਾਂ ਇਕ ਵੀ ਬੰਦਾ ਟਿਕ ਨਾ ਸਕਦਾ

ਆਦਮੀ ਪਿਰਾਮਿਡੀ ਚੜ੍ਹਾਈ ਚੜ੍ਹਨ ਲਗਦਾ
ਟੇਢੇ ਤਲ ਤੇ ਚੜ੍ਹਨਾ ਮੁਹਾਲ ਹੁੰਦਾ
ਟੇਢੇ ਤਲ ਤੇ ਬੈਠਦਾ ਤਾਂ ਬੇਅਰਾਮ ਹੁੰਦਾ
ਟੇਢੇ ਤਲ ਤੇ ਖੜ੍ਹਦਾ ਤਾਂ ਆਦਮੀ ਬੇਹਾਲ ਹੁੰਦਾ

ਡਾਰਵਿਨ ਨੇ ਉਕਰਿਆ ਇਸ ਪਿਰਾਮਿਡ 'ਤੇ -
ਜ਼ੋਰਾਵਰ ਹੀ ਜਿਉਂਣਗੇ

ਖਾਣ ਦਾ ਅਰਥ ਹੈ ਖੋਹਣਾ
ਹਾਸਿਲ ਦਾ ਅਰਥ ਹਥਿਆਉਂਣਾ
ਜਿਉਂਣ ਦਾ ਅਰਥ ਮਾਰਨਾ
ਵਸਣ ਦਾ ਅਰਥ ਉਜਾੜਨਾ
ਆਪ ਉਤੇ ਜਾਣ ਲਈ
ਦੂਜੇ ਨੂੰ ਹੇਠ ਉਤਾਰਨਾ
ਆਪਣੇ ਨਿੱਘ ਲਈ ਹੋਰਾਂ ਨੂੰ ਸਾੜਨਾ
ਆਪਣੇ ਮੇਚ ਲਈ ਦੂਸਰੇ ਨੂੰ ਪਾੜਨਾ

ਇਸ ਪਿਰਾਮਿਡੀ ਧਰਾਤਲ ਤੇ
ਪਾਵਰ ਹੀ ਜਾਨ ਹੈ
ਧੰਦਾ ਸਨਮਾਨ ਹੈ
ਪੈਸਾ ਪ੍ਰਧਾਨ ਹੈ
ਪਦਾਰਥ ਭਗਵਾਨ ਹੈ


ਇਥੇ ਕਿਸੇ ਦਾ ਪਿਉ ਨਹੀਂ
ਮਸ਼ੀਨ ਸਭ ਦੀ ਮਾਂ ਹੈ

ਸਭ ਮਾਂਵਾਂ ਮਸ਼ੀਨਾਂ ਨੇ
ਕਿੰਨੀ ਟੇਢੀ ਥਾਂ ਹੈ

ਆਦਮੀ ਆਪਣੀ ਚੌੜ ਕਾਰਨ
ਏਸ ਤਰ੍ਹਾਂ ਦੀ ਦੌੜ ਕਾਰਨ
ਸਦੀਆਂ ਵਿਚ ਨਹੀਂ
ਸਾਲਾਂ ਵਿਚ ਹੀ
ਮੁੜ੍ਹਕੋ-ਮੁੜ੍ਹਕੀ ਹੋ ਜਾਂਦਾ
ਤੇ ਫਿਰ ਪੂਰਬ ਵੱਲ ਨੂੰ
ਦੂੜਕੇ ਦੂੜਕੀ ਹੋ ਲੈਂਦਾ

----------4--------

ਪੂਰਬੀ ਪਿਰਾਮਿਡ - ਉਪਰ ਪਾਸਾਰ ਹੈ
ਹੇਠਾਂ ਕੋਈ ਆਧਾਰ ਨਹੀਂ
ਪੱਛਮੀ ਪਿਰਾਮਿਡ - ਸੋਹਣਾ ਆਧਾਰ ਹੈ
ਉਪਰ ਕੋਈ ਪਾਸਾਰ ਨਹੀਂ
ਆਦਮੀ ਸੋਚਦਾ ਕਿ
ਦੋਵੇਂ ਪਿਰਾਮਿਡ ਲਾਗੇ ਲਿਆਈਏ
ਇਕ ਦੂਸਰੇ ਨਾਲ ਮਿਲਾਈਏ

ਆਧਾਰ ਤੋਂ ਸ਼ੁਰੂ ਕਰੀਏ
ਪਾਸਾਰ ਤੱਕ ਜਾਈਏ
ਦੋਨਾਂ ਸਿਫ਼ਰਾਂ ਨੂੰ ਢੰਗ ਸਿਰ ਜੋੜੀਏ

ਇਨਫਿਨਿਟੀ ਬਣਾਈਏ
ਨਾਨਕ ਨੂੰ ਮਿਲੀਏ
ਨਾਨਕ ਧਿਆਈਏ

----------5---------

ਹਰ ਅੰਕ ਤੋਂ ਓਨੀ ਦੂਰ ਹੈ $-\infty$

ਜਿੰਨੀ ਦੂਰ ਹੈ $+\infty$

$|x-(-\infty)| = |x-\infty|$

$|x+\infty| = |x-\infty|$

$\infty = \infty$

ਲੁਪਤ ਹੋ ਗਈ x

ਅਸੰਭਵ

ਸਭ ਕੁਝ ਜਿੱਤਣਾ

ਅਸੰਭਵ

ਸਭ ਕੁਝ ਤਿਆਗਣਾ

ਸਭ ਕੁਝ ਜਿੱਤਣ ਜਾਂ ਤਿਆਗਣ

ਜਦੋਂ ਨਿਕਲਦਾ ਆਦਮੀ

ਆਪਣਾ ਆਪ ਗੁਆ ਬਹਿੰਦਾ

ਆਪਣੀ ਜੋਤ ਬੁਝਾ ਲੈਂਦਾ

ਆਦਮੀ ਤੋਂ ਧੁਰ ਪੂਰਬ ਜਿੰਨਾ ਦੂਰ

ਧੁਰ ਪੱਛਮ ਵੀ ਓਨਾ ਦੂਰ

ਨਾ ਤਾਂ ਪੂਰਬ ਛੱਡ

ਪੂਰਬ ਵੀ ਮਾਣ

ਨਾ ਹੀ ਪੱਛਮ ਛੱਟ

ਪੱਛਮ ਵੀ ਜਾਣ

''ਮਨ ਤੂੰ ਜੋਤਿ ਸਰੂਪ ਹੈ

ਆਪਣਾ ਮੂਲੁ ਪਛਾਣੁ''

ਦੋ ਕਿਤਾਬਾਂ

ਮੇਰੇ ਪੜ੍ਹਨ ਕਮਰੇ ਦਾ
ਇਕ ਰੋਸ਼ਨਦਾਨ ਹੈ
ਯਾਨੀ ਵੈਂਟੀਲੇਟਰ
ਉਸ ਰੋਸ਼ਨਦਾਨ ਚੋਂ
ਰੋਸ਼ਨੀ ਅੰਦਰ ਝਾਤ ਕਹਿੰਦੀ ਹੈ
ਉਸੇ ਵੈਂਟੀਲੇਟਰ ਚੋਂ
ਹੁੰਮਸ ਵੈਂਟੀਲੇਟ ਹੁੰਦੀ ਹੈ

ਮੈਂ ਆਪਣੀ ਸ਼ੈਲਫ਼ ਚੋਂ
ਦੋ ਕਿਤਾਬਾਂ ਚੁਣਦਾ ਹਾਂ
ਤੇ ਇਕੱਠੀਆਂ ਮੇਜ਼ ਤੇ ਰੱਖ ਦਿੰਦਾ ਹਾਂ

''ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ।।''

ਜਾਂਦੇ ਜਾਂਦੇ

- ਨਜਾਇਜ਼ ਕਬਜ਼ਾ ?
ਕਬਜ਼ਾ ਤਾਂ ਕੋਈ ਵੀ ਜਾਇਜ਼ ਨਹੀਂ ਹੁੰਦਾ
ਸਭ ਦੁੱਖ ਕਬਜ਼ਿਆਂ ਦੀ ਨਜਾਇਜ਼ਤਾ ਦਾ ਫ਼ਲ

- ਮਾਪਿਆਂ ਦੇ ਖਰਚਾਂ ਖੇਚਲਾਂ
ਤੇ ਮਿੱਠੀਆਂ ਪਾਰੀਆਂ ਦੇ ਰਿਣ
ਬੱਚੇ ਆਪਣੇ ਬੱਚਿਆਂ ਨੂੰ ਮੋੜਦੇ
ਸਮੇਂ ਦੀ ਚਾਲ ਭੂਤ ਤੋਂ ਭਵਿੱਖ ਵੱਲ
ਤੇ ਬੁਢਾਪਾ–
ਸਮੇਂ ਦੀ ਚਾਲ ਤੇ ਗਿਲਾ ਕਰਨ ਦਾ ਨਾਂ

- ਨਾਇਕਤਾ–
ਸਮਰੱਥਾ ਤੇ ਸ਼ਕਤੀ ਦਾ ਲੋਹਾ
ਖਲਨਾਇੰਕਤਾ–
ਸਮਰੱਥਾ ਤੇ ਸ਼ਕਤੀ ਦਾ ਲੋਹਾ ਮਨਵਾਉਣਾ
ਹਰ ਬੰਦੇ ਅੰਦਰ
ਨਾਇਕਤਾ ਖਲਨਾਇਕਤਾ ਨਾਲ਼ ਨਾਲ਼

- ਮੈਂ ਤਾਂ ਤੁਹਾਡੇ ਲਫ਼ਜ਼ਾਂ ਦਾ ਜਾਦੂ ਹਾਂ
ਤੁਸੀਂ ਕਿਹਾ, ਮੈਂ ਹੋ ਗਿਆ
ਤੁਸੀਂ ਕਹੋਗੇ, ਮੈਂ ਹੋ ਜਾਵਾਂਗਾ



ਨਾਨਕ-ਰੌਸ਼ਨੀ ਵਿਚ ਲਿਖੀਆਂ ਜ਼ਫ਼ਰ ਦੀਆਂ ਇਹ ਕਵਿਤਾਵਾਂ ਇਸ ਗੱਲ ਦਾ ਬਹੁਤ ਤੀਖਣ ਅਹਿਸਾਸ ਕਰਵਾਉਂਦੀਆਂ ਹਨ ਕਿ ਅਸੀਂ ਨਾਨਕ ਨਾਮਲੇਵਾ ਲੋਕ ਨਾਨਕ ਦਾ ਨਾਮ ਲੈਂਦੇ ਹੋਏ, ਨਾਨਕ 'ਤੇ ਆਪਣਾ ਹੱਕ ਜਮਾਉਂਦੇ ਨਾਨਕ ਤੋਂ ਬਹੁਤ ਦੂਰ ਜਾ ਰਹੇ ਹਾਂ, ਦੂਰ ਹੀ ਨਹੀਂ, ਵਿਪਰੀਤ ਜਾ ਰਹੇ ਹਾਂ, ਤੇ ਬਹੁਤ ਅਸੁਹਿਰਦ ਤੇ ਅਪ੍ਰਮਾਣਿਕ ਜੀਵਨ ਜੀਅ ਰਹੇ ਹਾਂ। ਸਾਡੇ ਜਿਹੇ ਲੋਕ ਨਾਨਕ ਦੇ ਕੀ ਲਗਦੇ ਹਨ? ਇਸ ਮਹੱਤਵਪੂਰਨ ਪੁਸਤਕ ਵਿਚ ਜ਼ਫ਼ਰ ਨੇ ਇਹ ਬੁਨਿਆਦੀ ਤੇ ਗਹਿਰਾ ਸਵਾਲ ਪੁੱਛਣ ਦੀ ਕਾਵਿਕ ਪਹਿਲ ਕੀਤੀ ਹੈ। ਇਨ੍ਹਾਂ ਕਵਿਤਾਵਾਂ ਵਿਚ ਸਾਡੀ ਜੀਵਨ-ਸ਼ੈਲੀ ਨੂੰ ਝੰਜੋੜਨ ਦੀ ਸ਼ਕਤੀ ਹੈ।

(ਸੁਰਜੀਤ ਪਾਤਰ)

ਜਸਵੰਤ ਜ਼ਫ਼ਰ ਦੀ ਕਾਵਿ ਪੁਸਤਕ **ਅਸੀਂ ਨਾਨਕ ਦੇ ਕੀ ਲਗਦੇ ਹਾਂ** ਵਿਚ ਸ਼ਾਮਲ ਕਵਿਤਾਵਾਂ ਦੇ ਸਰੋਕਾਰ ਜਿੱਥੇ ਭਿੰਨ-ਭਿੰਨ ਅਤੇ ਫੈਲੇ ਹੋਏ ਹਨ ਉਥੇ ਸਾਰੀਆਂ ਕਵਿਤਾਵਾਂ ਮਿਲ ਕੇ ਇਕ ਸਾਂਝੇ ਵਿਚਾਰਧਾਰਾਈ ਆਧਾਰ ਦਾ ਨਿਰਮਾਣ ਕਰਦੀਆਂ ਜਾਪਦੀਆਂ ਹਨ। ਕਵੀ ਮਹਿਜ਼ ਕਿਸੇ ਪ੍ਰਯੋਗ ਲਈ ਪ੍ਰਯੋਗ ਨਹੀਂ ਕਰਦਾ ਸਗੋਂ ਆਪਣੀ ਗੱਲ ਨੂੰ ਸਪੱਸ਼ਟਤਾ, ਸੰਖੇਪਤਾ ਅਤੇ ਖ਼ੂਬਸੂਰਤੀ ਨਾਲ ਕਰਨ ਲਈ ਨਵੀਆਂ ਵਿਧੀਆਂ ਦਾ ਉਪਯੋਗ ਕਰਦਾ ਹੈ। ਉਸਦੀ ਵਿਲੱਖਣਤਾ ਚਿੰਤਨ, ਸੁਹਜ ਅਤੇ ਦਲੇਰੀ ਦੇ ਸੁਮੇਲ ਕਾਰਨ ਹੈ। ਇਸ ਕਾਵਿ ਸੰਗ੍ਰਹਿ ਨਾਲ ਕਵੀ ਪੰਜਾਬੀ ਕਵਿਤਾ ਲਈ ਨਵੇਂ ਦੁਆਰ ਖੋਲ੍ਹਦਾ, ਨਵੇਂ ਰਾਹ ਬਣਾਉਂਦਾ ਅਤੇ ਨਵੀਆਂ ਧਰਤੀਆਂ ਤਲਾਸ਼ਦਾ ਹੈ ਅਤੇ ਆਪਣੀ ਨਿਵੇਕਲੀ ਪਛਾਣ ਬਣਾਉਣ ਦੇ ਸਮਰੱਥ ਹੁੰਦਾ ਹੈ।

(ਪਰਮਿੰਦਰ ਸਿੰਘ)

ISBN 817883005-1
9 788178 830056
Asi Nanak De Ki Lagde Haan
₹ 100/-

Chetna Parkashan
Punjabi Bhawan, Ludhiana-141001
(Pb.) INDIA. Ph. 0161-2413613, 2404928
B.O. : Qila Road, Opp. Bus Stand, Kotkapura. Ph. +91-1635-222651
website: www.chetnaparkashan.com